ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਭਾਰਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਘੱਟਗਿਣਤੀਆਂ ਦੀ ਸੁਰੱਖਿਆ, ਸਸ਼ਕਤੀਕਰਨ ਅਤੇ ਆਰਥਿਕ ਉਥਾਨ ਲਈ ਇਤਿਹਾਸਕ ਕਦਮ ਚੁੱਕੇ ਗਏ ਹਨ। ਮੁਫ਼ਤ ਰਾਸ਼ਨ ਯੋਜਨਾ, ਹਰ ਘਰ ਪਾਣੀ ਤੇ ਬਿਜਲੀ, ਘੱਟਗਿਣਤੀ ਵਿਦਿਆਰਥੀਆਂ ਲਈ ਸਕਾਲਰਸ਼ਿਪ, ਹੱਜ ਯਾਤਰਾ ਸੁਵਿਧਾਵਾਂ ਅਤੇ ਧਾਰਮਿਕ ਸਥਾਨਾਂ ਦੀ ਸੰਭਾਲ ਲਈ ਵੱਖਰੇ ਫ਼ੰਡ ਆਦਿ ਇਹ ਸਾਬਤ ਕਰਦੇ ਹਨ ਕਿ ਭਾਰਤ ਹਰ ਧਰਮ, ਜਾਤ ਅਤੇ ਭਾਸ਼ਾ ਦੇ ਨਾਗਰਿਕ ਨੂੰ ਇਕਸਾਰ ਹੱਕ ਅਤੇ ਮੌਕੇ ਦਿੰਦਾ ਹੈ। ਦੂਜੇ ਪਾਸੇ ਪਾਕਿਸਤਾਨ ਵਿੱਚ ਹਿੰਦੂ ਅਤੇ ਸਿੱਖ ਘੱਟਗਿਣਤੀ ਭਾਈਚਾਰਿਆਂ ਦੀ ਸਥਿਤੀ ਇਤਿਹਾਸਕ ਤੌਰ 'ਤੇ ਅਤੇ ਅੱਜ ਦੇ ਸਮੇਂ 'ਚ ਵੀ ਕਾਫ਼ੀ ਗੰਭੀਰ ਅਤੇ ਚਿੰਤਾਜਨਕ ਹੈ। ਇਹ ਹਾਲਾਤ ਧਾਰਮਿਕ ਭੇਦਭਾਵ, ਆਰਥਿਕ-ਸਮਾਜਿਕ ਹਾਸ਼ੀਆਕਰਨ ਅਤੇ ਕਾਨੂੰਨੀ ਸੁਰੱਖਿਆ ਦੀ ਕਮੀ ਕਾਰਨ ਹੋਰ ਵੀ ਖ਼ਰਾਬ ਹੋ ਰਹੇ ਹਨ। ਐਮਨੈਸਟੀ ਇੰਟਰਨੈਸ਼ਨਲ ਅਤੇ ਹੋਰ ਅੰਤਰਰਾਸ਼ਟਰੀ ਰਿਪੋਰਟਾਂ ਪਾਕਿਸਤਾਨ ਦੇ ਕਪਟ-ਪੂਰਨ ਤੇ ਕਰੂਰ ਚਿਹਰੇ ਨੂੰ ਬੇਨਕਾਬ ਕਰ ਚੁੱਕੀਆਂ ਹਨ, ਜਿੱਥੇ ਘੱਟਗਿਣਤੀਆਂ ਦੂਜੇ ਨਹੀਂ, ਸਗੋਂ ਤੀਜੇ ਦਰਜੇ ਦੇ ਨਾਗਰਿਕ ਵਾਂਗ ਜੀਣ ਲਈ ਮਜਬੂਰ ਹਨ। ਪਾਕਿਸਤਾਨ 'ਚ ਧਾਰਮਿਕ ਭੇਦਭਾਵ ਅਤੇ ਸੁਰੱਖਿਆ ਦੀ ਕਮੀ ਕਾਰਨ ਹਿੰਦੂ ਅਤੇ ਸਿੱਖ ਅਕਸਰ ਆਪਣੇ ਧਾਰਮਿਕ ਪਹਿਚਾਣ ਕਾਰਨ ਤੰਗ-ਪਰੇਸ਼ਾਨੀ, ਨਿੰਦਾ ਅਤੇ ਸਮਾਜਕ ਤੌਹੀਨ ਦਾ ਸ਼ਿਕਾਰ ਹੁੰਦੇ ਹਨ। ਧਾਰਮਿਕ ਸਥਾਨਾਂ 'ਤੇ ਹਮਲੇ, ਮੂਰਤੀਆਂ ਅਤੇ ਗੁਰਦੁਆਰਿਆਂ ਦੀ ਬੇਅਦਬੀ ਦੇ ਮਾਮਲੇ ਬਾਰ-ਬਾਰ ਸਾਹਮਣੇ ਆਉਂਦੇ ਹਨ। ਘੱਟਗਿਣਤੀਆਂ ਦੇ ਧਾਰਮਿਕ ਤਿਉਹਾਰਾਂ 'ਤੇ ਅਕਸਰ ਰੋਕ-ਟੋਕ ਜਾਂ ਸੁਰੱਖਿਆ ਦੀ ਕਮੀ ਰਹਿੰਦੀ ਹੈ। ਪਾਕਿਸਤਾਨ ਦੇ ਸੰਵਿਧਾਨ ਅਤੇ ਕਾਨੂੰਨ ਵਿੱਚ ਘੱਟਗਿਣਤੀਆਂ ਦੇ ਹੱਕਾਂ ਦੀ ਰੱਖਿਆ ਲਈ ਬਹੁਤ ਖ਼ਾਮੀਆਂ ਹਨ। ਧਾਰਮਿਕ ਅਜ਼ਾਦੀ ਅਤੇ ਸਮਾਨਤਾ ਦੇ ਕਾਨੂੰਨੀ ਦਾਅਵੇ ਅਮਲ ਵਿੱਚ ਅਕਸਰ ਨਜ਼ਰਅੰਦਾਜ਼ ਕੀਤੇ ਜਾਂਦੇ ਹਨ। ਇਹੀ ਕਾਰਨ ਹੈ ਕਿ 1947 ਵਿੱਚ ਪਾਕਿਸਤਾਨ ਵਿੱਚ ਹਿੰਦੂ ਜਨਸੰਖਿਆ ਕਰੀਬ 12-15% ਸੀ, ਜੋ ਹੁਣ 2% ਤੋਂ ਘੱਟ ਰਹਿ ਗਈ ਹੈ। ਸਿੱਖ ਭਾਈਚਾਰੇ ਦੀ ਗਿਣਤੀ ਤਾਂ ਹੋਰ ਵੀ ਘੱਟ ਹੈ।

> **ਭਾਰਤ ਵਿੱਚ ਮੋਦੀ ਸਰਕਾਰ ਘੱਟਗਿਣਤੀਆਂ ਦੀ ਸੁਰੱਖਿਆ ਅਤੇ ਉਥਾਨ ਲਈ ਚੁੱਕੇ ਹਨ ਇਤਿਹਾਸਕ ਕਦਮ**

### ਬੰਦੀ ਸਿੰਘ ਰਿਹਾਈ ਕਾਨਫਰੰਸ ਵਿੱਚ ਇਤਿਹਾਸਿਕ ਹਿੱਸੇਦਾਰੀ ਲਈ

# ਸਮੂਹ ਵਰਕਰਾਂ ਦਾ ਕੋਟਿ-ਕੋਟਿ ਧੰਨਵਾਦ : ਡੱਡੂਆਣਾਂ, ਪੱਧਰੀ



**ਅੰਮ੍ਰਿਤਸਰ, 10 ਅਗਸਤ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਪੱਛਮੀਂ ਤੋਂ ਬਾਬਾ ਬਕਾਲਾ ਸਾਹਿਬ ਵਿਖੇ ਹੋਈ ਬੰਦੀ ਸਿੰਘ ਰਿਹਾਈ ਕਾਨਫਰੰਸ ਵਿੱਚ ਬੇਮਿਸਾਲ ਹਾਜ਼ਰੀ ਤੇ ਸ਼ਿਰਕਤ ਕਰਕੇ ਜੋ ਜਜ਼ਬਾ ਵਰਕਰਾਂ ਨੇ ਵਿਖਾਇਆ ਹੈ, ਉਹ ਸਿੱਖ ਪੰਥ ਦੇ ਸੁਨਹਿਰੇ ਇਤਿਹਾਸ ਵਿੱਚ ਇੱਕ ਨਵੀਂ ਮਿਸਾਲ ਬਣ ਗਿਆ ਹੈ। ਅਕਾਲੀ ਦਲ ( ਵਾਰਿਸ ਪੰਜਾਬ ਦੇ ) ਅੰਮ੍ਰਿਤਸਰ ਤੋਂ ਜਿਲਾ ਅਬਜ਼ਰਵਰ ਭਾਈ ਅਮਨਦੀਪ ਸਿੰਘ ਡੱਡੂਆਣਾਂ ਅਤੇ ਕਾਰਜਕਾਰੀ ਕਮੇਟੀ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਜਿਹੜੇ ਵੀ ਵਰਕਰਾਂ, ਸਿੰਘ-ਸਿੰਘਣੀਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਆਪਣੇ ਕੀਮਤੀ ਸਮੇਂ ਅਤੇ ਸਾਧਨਾਂ ਦੀ ਪਰਵਾਹ ਨਾਂ ਕਰਦਿਆਂ ਅੱਤ ਦੀ ਗਰਮੀਂ ਵਿੱਚ ਲੰਮਾ ਸਫ਼ਰ ਤੈਅ ਕਰਕੇ ਕਾਨਫਰੰਸ ਵਿੱਚ ਹਾਜ਼ਰੀ ਭਰੀ, ਉਹ ਸਭ ਪੰਥਕ ਏਕਤਾ ਅਤੇ ਨਿਡਰ ਸੇਵਾ ਦੀ ਜਿਊਂਦੀ ਜਾਗਦੀ ਉਦਾਹਰਨ ਹਨ। ਉਹਨਾਂ ਨੇ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਤੋਂ ਪਹੁੰਚੇ ਮੁੱਖ ਸਿੰਘਾਂ ਭਾਈ ਸੁਖਬੀਰ ਸਿੰਘ ਚੀਮਾਂ, ਭਾਈ ਮਹਿੰਦਰਪਾਲ ਸਿੰਘ ਤੁੰਗ, ਭਾਈ ਜਗਜੀਤ ਸਿੰਘ ਜੀ, ਭਾਈ ਕੁਲਵਿੰਦਰ ਸਿੰਘ ਵਡਾਲੀ, ਭਾਈ ਜੁਗਰਾਜ ਸਿੰਘ ਨਰਾਇਣਗੜ੍ਹ, ਭਾਈ ਹਰਪ੍ਰੀਤ ਸਿੰਘ ਖ਼ਾਲਸਾ, ਭਾਈ ਪ੍ਰੇਮ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਜਗਦੀਸ਼ ਸਿੰਘ, ਭਾਈ ਲਖਵਿੰਦਰ ਸਿੰਘ, ਮੁਹੰਮਦ ਤਾਰਿਕ, ਭਾਈ ਪਰਮਜੀਤ ਸਿੰਘ ਗਿੱਲ, ਭਾਈ ਪਰਮਜੀਤ ਸਿੰਘ ਮੋਹਣੀਪਾਰਕ, ਭਾਈ ਸਵਿੰਦਰ ਸਿੰਘ ਸਾਘਣਾਂ, ਜਥੇਦਾਰ, ਭਾਈ ਗੁਰਸੇਵਕ ਸਿੰਘ ਖਾਪੜਖੇੜੀ, ਬੀਬੀ ਲਖਵਿੰਦਰ ਕੌਰ ਖਾਪੜਖੇੜੀ, ਬੀਬੀ ਪਰਮਜੀਤ ਕੌਰ ਖਾਪੜਖੇੜੀ, ਬੀਬੀ ਪਰਮਜੀਤ ਕੌਰ ਖ਼ਾਲਸਾ, ਬੀਬੀ ਬਲਵਿੰਦਰ ਕੌਰ ਛੇਹਰਟਾ, ਬੀਬੀ ਸਤਿੰਦਰ ਕੌਰ ਖੰਡਵਾਲਾ, ਭਾਈ ਬਘੇਲ ਸਿੰਘ ਖੰਡਵਾਲਾ, ਭਾਈ ਜੁਗਰਾਜ ਸਿੰਘ ਖੰਡਵਾਲਾ, ਜਥੇਬਾਰ ਅਜੇਪਾਲ ਸਿੰਘ ਜੀ, ਜਥੇਦਾਰ ਲਖਵਿੰਦਰ ਸਿੰਘ ਜੀ, ਭਾਈ ਮੁਕੇਸ਼ ਸਿੰਘ, ਬਾਬਾ ਕੰਵਲਜੀਤ ਸਿੰਘ ਫ਼ਤਾਹਪੁਰ, ਭਾਈ ਮੁਖਤਿਆਰ ਸਿੰਘ, ਭਾਈ ਬਲਦੇਵ ਸਿੰਘ, ਭਾਈ ਬਲਜੀਤ ਸਿੰਘ, ਭਾਈ ਨਿਸ਼ਾਨ ਸਿੰਘ, ਭਾਈ ਤਰਸੇਮ ਸਿੰਘ ਜੀ, ਭਾਈ ਜੀਵਨ ਸਿੰਘ ਵਡਾਲੀ, ਭਾਈ ਹਰਭਜਨ ਸਿੰਘ ਵਡਾਲੀ, ਭਾਈ ਪ੍ਰਭਜੋਤ ਸਿੰਘ ਗਿੱਲ, ਭਾਈ ਸੁਖਚੈਨ ਸਿੰਘ ਸੰਧੂ, ਭਾਈ ਸੁਖਜਿੰਦਰ ਸਿੰਘ ਖੰਡਵਾਲਾ, ਭਾਈ ਸੁਰਿੰਦਰ ਸਿੰਘ ਅਤੇ ਬੀਬੀ ਅਮਰਜੀਤ ਕੌਰ ਜੀ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਹਾਜ਼ਰੀ ਨੇ ਕਾਨਫਰੰਸ ਦੀ ਸ਼ਾਨ ਵਧਾਈ ਅਤੇ ਪੰਥਕ ਜੋਸ਼ ਨੂੰ ਹੋਰ ਮਜ਼ਬੂਤ ਕੀਤਾ। ਭਾਈ ਡੱਡੂਆਣਾਂ ਤੇ ਭਾਈ ਪੱਧਰੀ ਨੇ ਅੱਗੇ ਕਿਹਾ ਕਿ ਅੰਮ੍ਰਿਤਸਰ ਪੱਛਮੀਂ ਤੋਂ ਆਏ ਸਾਥੀਆਂ ਦਾ ਯੋਗਦਾਨ ਭਾਈ ਅੰਮ੍ਰਿਤਪਾਲ ਸਿੰਘ ਜੀ ਸਮੇਤ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਦੇ ਸੰਘਰਸ਼ ਨੂੰ ਮਜ਼ਬੂਤੀ ਦੇਵੇਗਾ ਅਤੇ ਸਿੱਖ ਕੌਮ ਦੇ ਹੱਕਾਂ, ਧਰਮ ਅਤੇ ਆਜ਼ਾਦੀ ਲਈ ਜਦੋਂ ਵੀ ਸੱਦਾ ਆਇਆ, ਅੰਮ੍ਰਿਤਸਰ ਹਮੇਸ਼ਾਂ ਅਗਵਾਈ ਵਿੱਚ ਰਿਹਾ ਹੈ ਅਤੇ ਅਗੇ ਵੀ ਰਹੇਗਾ।





> **ਅੰਮ੍ਰਿਤਸਰ ਪੱਛਮੀਂ ਦੇ ਵਰਕਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਪਾਰਟੀ ਨਾਲ ਚੱਟਾਨ ਵਾਂਗ ਖੜੇ**

# ਅਜੋਕੇ ਪਦਾਰਥਵਾਦ ਦੇ ਯੁੱਗ ਵਿੱਚ ਨੈਤਿਕ ਸਿੱਖਿਆ ਦੀ ਲੋੜ



ਅਜੋਕਾ ਯੁੱਗ ਪਦਾਰਥਵਾਦੀ ਦਾ ਯੁੱਗ ਹੈ ਅਤੇ ਅੱਜ ਹਰ ਕੋਈ ਦੌਲਤ, ਸ਼ੋਹਰਤ ਅਤੇ ਸੁਖ-ਸਾਧਨਾਂ ਦੀ ਅੰਨ੍ਹੀ ਦੌੜ ਵਿੱਚ ਬੇਤਹਾਸ਼ਾ ਭੱਜ ਰਿਹਾ ਹੈ। ਇਸ ਦੇ ਸਿੱਟੇ ਵਜੋਂ ਮਨੁੱਖੀ ਰਿਸ਼ਤਿਆਂ ਦਾ ਨਿੱਘ ਅਤੇ ਨੈਤਿਕ ਕਦਰਾਂ ਕੀਮਤਾਂ ਪਿੱਛੇ ਛੁੱਟਦੀਆਂ ਜਾ ਰਹੀਆਂ ਹਨ। ਸੱਚਾਈ, ਦਇਆ, ਸਹਿਣਸ਼ੀਲਤਾ ਅਤੇ ਇਮਾਨਦਾਰੀ ਜਿਹੇ ਗੁਣ ਪੁਰਾਣੇ ਸਮਿਆਂ ਵਿੱਚ ਜੀਵਨ ਦਾ ਆਧਾਰ ਹੁੰਦੇ ਸਨ ਹੁਣ ਸਿਰਫ਼ ਕਿਤਾਬਾਂ ਤੱਕ ਸੀਮਿਤ ਰਹਿ ਗਏ ਹਨ। ਇਹ ਘਾਟ ਸਮਾਜ ਨੂੰ ਕਮਜ਼ੋਰ ਅਤੇ ਅਸੰਤੁਲਿਤ ਬਣਾ ਰਹੀ ਹੈ।

**ਆਮ ਸਮਾਜ :** ਨੈਤਿਕ ਸਿੱਖਿਆ ਸਮਾਜ ਵਿੱਚ ਆਪਸੀ ਸਾਂਝ ਅਤੇ ਭਰੋਸੇ ਨੂੰ ਮਜ਼ਬੂਤ ਕਰਦੀ ਹੈ। ਜੇ ਲੋਕ ਨੈਤਿਕ ਮੁੱਲਾਂ ਨਾਲ ਜੀਵਨ ਜਿਉਣ ਤਾਂ ਕਾਨੂੰਨ ਦੀ ਲੋੜ ਘੱਟ ਹੋ ਜਾਂਦੀ ਹੈ। ਭ੍ਰਿਸ਼ਟਾਚਾਰ, ਹਿੰਸਾ ਅਤੇ ਲਾਲਚ ਘੱਟਣ ਲੱਗਦੇ ਹਨ ਅਤੇ ਆਪਸੀ ਸਦਭਾਵਨਾ ਦਾ ਮਾਹੌਲ ਬਣਦਾ ਹੈ।

**ਵਿਦਿਆਰਥੀ: ਭਵਿੱਖ ਦੀ ਨੀਂਹ**-ਸਕੂਲਾਂ ਵਿੱਚ ਅੰਕਾਂ ਦੀ ਦੌੜ ਨੇ ਨੈਤਿਕ ਮੁੱਲਾਂ ਦੇ ਪਾਠਾਂ ਨੂੰ ਪਦਾਰਥਵਾਦ ਦੇ ਚਲਦਿਆਂ ਪਿੱਛੇ ਧੱਕ ਦਿੱਤਾ ਹੈ। ਪਰ ਭਵਿੱਖ ਦਾ ਨਾਗਰਿਕ ਸਿਰਫ਼ ਆਪਣੀ ਕਿਰਤ ਵਿੱਚ ਕਾਬਲ ਹੀ ਨਹੀਂ ਬਲਕਿ ਸੱਚਾ ਅਤੇ ਜ਼ਿੰਮੇਵਾਰ ਵੀ ਹੋਣਾ ਚਾਹੀਦਾ ਹੈ। ਨੈਤਿਕ ਸਿੱਖਿਆ ਨਾਲ ਵਿਦਿਆਰਥੀਆਂ ਵਿੱਚ ਸੇਵਾ ਭਾਵ, ਨਿਆਂ ਪ੍ਰਤੀ ਨਿਸ਼ਠਾ ਅਤੇ ਸਮਾਜਿਕ ਜ਼ਿੰਮੇਵਾਰੀ ਵਿਕਸਿਤ ਹੁੰਦੀ ਹੈ।

**ਰਾਜਨੀਤੀ :** ਅੱਜ ਦੀ ਰਾਜਨੀਤੀ ਵਿੱਚ ਨੇਤਾਵਾਂ ਅੰਦਰ ਅਕਸਰ ਰਾਜਨੀਤਕ ਸੱਤਾ ਦੀ ਭੁੱਖ ਅਤੇ ਵਿਅਕਤੀਗਤ ਲਾਭ ਹਾਵੀ ਹੋ ਚੁੱਕੇ ਹਨ। ਜੇ ਰਾਜਨੀਤਿਕ ਨੇਤਾ ਨੈਤਿਕ ਸਿੱਖਿਆ ਨਾਲ ਪ੍ਰੇਰਿਤ ਹੋਣ ਤਾਂ ਉਹ ਰਾਜ ਗੱਦੀ ਨੂੰ ਸੇਵਾ ਦਾ ਮੰਚ ਬਣਾਉਣਗੇ ਅਤੇ ਆਪਣੇ ਸੂਬੇ ਦਾ ਹਰ ਸੰਭਵ ਤਰੀਕੇ ਨਾਲ ਵਿਕਾਸ ਕਰਨ ਦਾ ਯਤਨ ਕਰਨਗੇ।

**ਧਾਰਮਿਕ ਸਥਾਨ :** ਧਰਮ ਦਾ ਅਸਲੀ ਸਾਰ ਮਨੁੱਖਤਾ ਹੈ ਪਰ ਅਕਸਰ ਰਸਮਾਂ ਅਤੇ ਅੰਧਵਿਸ਼ਵਾਸਾਂ ਨੇ ਆਮ ਲੋਕਾਂ ਨੂੰ ਧਰਮ ਤੋਂ ਕੋਹਾਂ ਦੂਰ ਕਰ ਦਿੱਤਾ ਹੈ। ਨੈਤਿਕ ਸਿੱਖਿਆ ਧਰਮ ਨੂੰ ਉਸ ਦੇ ਅਸਲੀ ਰੂਪ ਦਇਆ, ਸੱਚਾਈ, ਸਹਿਣਸ਼ੀਲਤਾ ਅਤੇ ਪਿਆਰ ਨਾਲ ਜੋੜਦੀ ਹੈ।

**ਸਮਾਜਿਕ ਸਦਭਾਵਨਾ :** ਸੰਕੁਚਿਤ ਸੋਚ ਅਤੇ ਵੰਡਵਾਰੀ ਰੁਝਾਨਾਂ ਨੂੰ ਤੋੜਨ ਦਾ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਨੈਤਿਕ ਸਿੱਖਿਆ ਹੈ। ਜਦੋਂ ਹਰੇਕ ਵਿਅਕਤੀ ਆਪਣੇ ਨੈਤਿਕ ਫਰਜ਼ ਨੂੰ ਸਮਝਦਾ ਹੈ ਤਾਂ ਨਫ਼ਰਤ ਦੀਆਂ ਕੰਧਾਂ ਢਹਿ ਜਾਂਦੀਆਂ ਹਨ ਅਤੇ ਭਾਈਚਾਰੇ ਦੀ ਮਜ਼ਬੂਤੀ ਵੱਧਦੀ ਹੈ।

**ਨੈਤਿਕਤਾ ਬਿਨਾਂ ਵਿਕਾਸ ਅਧੂਰਾ :** ਆਰਥਿਕ ਤੇ ਤਕਨੀਕੀ ਤਰੱਕੀ ਜ਼ਰੂਰੀ ਹੈ ਪਰ ਇਹ ਤਦੋਂ ਹੀ ਟਿਕਾਊ ਹੋ ਸਕਦੀ ਹੈ ਜਦੋਂ ਇਸ ਦਾ ਆਧਾਰ ਨੈਤਿਕ ਮੁੱਲਾਂ 'ਤੇ ਟਿਕਿਆ ਹੋਵੇ। ਪਰਿਵਾਰ, ਸਕੂਲ, ਰਾਜਨੀਤਿਕ ਮੰਚ ਅਤੇ ਧਾਰਮਿਕ ਸਥਾਨ ਸਭ ਨੂੰ ਨੈਤਿਕ ਸਿੱਖਿਆ ਨੂੰ ਆਪਣੀ ਪ੍ਰਾਥਮਿਕਤਾ ਬਣਾਉਣਾ ਚਾਹੀਦਾ ਹੈ ਨਹੀਂ ਤਾਂ ਵਿਕਾਸ ਦੀ ਚਮਕ ਵਿੱਚ ਮਨੁੱਖਤਾ ਦੀ ਰੌਸ਼ਨੀ ਮੱਧਮ ਪੈ ਜਾਵੇਗੀ।

**-ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ, ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਕਰਵਾਏ ਕੁਇੰਜ ਮੁਕਾਬਲੇ



ਫ਼ਿਰੋਜ਼ਪੁਰ, 10 ਅਗਸਤ (ਮਨੋਹਰ ਲਾਲ) :— ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਕਿ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਸਕੂਲ ਵਿੱਚ ਜਨਰਲ ਨੋਲਜ ਵਿਸ਼ੇ ਨਾਲ ਸਬੰਧਤ ਇੱਕ ਕੁਇਜ਼ ਦਾ ਆਯੋਜਨ ਕੀਤਾ ਗਿਆ। ਇਹ ਕੁਇਜ਼ ਹਰੇਕ ਕਲਾਸ ਦੇ ਸਿਲੇਬਸ ਅਨੁਸਾਰ ਆਯੋਜਿਤ ਕੀਤਾ ਗਿਆ ਸੀ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਕਿਹਾ ਕਿ ਜਨਰਲ ਨੋਲਜ ਕੁਇਜ਼ ਕਰਵਾਉਣ ਦਾ ਉਦੇਸ਼ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧੇ ਨੂੰ ਉਤਸ਼ਾਹਿਤ ਕਰਨਾ ਹੈ। ਇਸ ਨਾਲ ਵਿਦਿਆਰਥੀਆਂ ਨੂੰ ਸਿਲੇਬਸ ਚੰਗੀ ਤਰ੍ਹਾਂ ਸਮਝਣ, ਗੰਭੀਰਤਾ ਨਾਲ ਸੋਚਣ ਅਤੇ ਆਪਣੀ ਯੋਗਤਾ ਨੂੰ ਵਿਕਸਤ ਕਰਨ ਵਿੱਚ ਮੱਦਦ ਮਿਲਦੀ ਹੈ। ਵਿਦਿਆਰਥੀਆਂ ਨੇ ਇਸ ਕੁਇਜ਼ ਵਿੱਚ ਬਹੁਤ ਉਤਸ਼ਾਹ ਅਤੇ ਉਤਸੁਕਤਾ ਨਾਲ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਹਮੇਸ਼ਾ ਸਿੱਖਿਆ ਅਤੇ ਵਿਦਿਅਕ ਉੱਤਮਤਾ ਅਤੇ ਨਿਰੰਤਰ ਵਿਕਾਸ ਲਈ ਵਚਨਬੱਧ ਹੁੰਦੇ ਹਨ।





# ਜਨਮ ਦਿਨ ਮੁਬਾਰਕ

ਗੁਰਪਾਲ ਸਿੰਘ ਥਾਬਲ ਵਾਸੀ ਕਨੈਡਾ, ਬੱਚਾ ਧਨਵੀਰ ਸਿੰਘ ਥਾਬਲ ਵਾਸੀ ਕਨੈਡਾ
( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

## ਬਿਜ਼ਨਸ ਸਟੱਡੀਜ਼ ਵਿਭਾਗ ਤਲਵੰਡੀ ਸਾਬੋ ਵੱਲੋਂ ਬੀ.ਕਾਮ ਅਤੇ ਬੀ.ਬੀ.ਏ ਕੋਰਸਾਂ ਵਿੱਚ

# ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਸੈਸ਼ਨ ਦਾ ਆਯੋਜਨ






**ਤਲਵੰਡੀ ਸਾਬੋ, 10 ਅਗਸਤ (ਗੁਰਜੰਟ ਸਿੰਘ ਨਥੇਹਾ)**- ਸਥਾਨਕ ਪੰਜਾਬੀ ਯੂਨੀਵਰਸਿਟੀ ਕੈਂਪਸ ਦੇ ਬਿਜ਼ਨਸ ਸਟੱਡੀਜ਼ ਵਿਭਾਗ ਵਲੋਂ ਬੀ.ਕਾਮ ਅਤੇ ਬੀ.ਬੀ.ਏ ਕੋਰਸਾਂ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਇੱਕ ਓਰੀਐਂਟੇਸ਼ਨ ਸੈਸ਼ਨ ਦਾ ਆਯੋਜਨ ਕਰਵਾਇਆ ਗਿਆ। ਸੈਸ਼ਨ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਨੇ ਗੱਲਬਾਤ ਕੀਤੀ ਅਤੇ ਵਿਦਿਆਰਥੀਆਂ ਨੂੰ ਵਿਭਾਗ ਬਾਰੇ, ਵੱਖ-ਵੱਖ ਵਿਭਾਗੀ ਕਮੇਟੀਆਂ ਅਤੇ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਸੈਸ਼ਨ ਦਾ ਸੰਚਾਲਨ ਡਾ. ਆਨੰਦ ਬਾਂਸਲ ਅਤੇ ਡਾ. ਅਮਨਦੀਪ ਕੌਰ ਦੀ ਅਕਾਦਮਿਕ ਕਮੇਟੀ ਦੁਆਰਾ ਕੀਤਾ ਗਿਆ ਜਿਸ ਵਿੱਚ ਕੈਂਪਸ ਅਤੇ ਵਿਭਾਗ ਦੁਆਰਾ ਚਲਾਏ ਜਾ ਰਹੇ ਵੱਖ-ਵੱਖ ਕੋਰਸਾਂ ਬਾਰੇ ਜਾਣੂ ਕਰਵਾਇਆ। ਦੱਸਣਯੋਗ ਹੈ ਕਿ ਇਹ ਵਿਭਾਗ ਸਾਲ 1988 ਵਿੱਚ ਸਥਾਪਤ ਕੀਤਾ ਗਿਆ ਅਤੇ ਇਸ ਖੇਤਰ ਦੇ ਸਭ ਤੋਂ ਪੁਰਾਣੇ ਵਿਭਾਗਾਂ ਵਿੱਚੋਂ ਇੱਕ ਹੈ। ਇਸ ਵਿਭਾਗ ਵੱਲੋਂ ਬਿਜ਼ਨਸ ਸਟੱਡੀਜ਼ ਨਾਲ ਸਬੰਧਤ ਕੋਰਸ ਚਲਾਏ ਜਾ ਰਹੇ ਹਨ। ਵਿਭਾਗ ਦੇ ਮੁਖੀ ਡਾ. ਨਰਿੰਦਰ ਕੌਰ ਨੇ ਆਪਣੇ ਸਵਾਗਤੀ ਭਾਸ਼ਣ ਰਾਹੀਂ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਜੀਵਨ ਵਿੱਚ ਅਨੁਸ਼ਾਸਨ ਅਤੇ ਸਮਾਂ ਪ੍ਰਬੰਧਨ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਸਮੂਹ ਫੈਕਲਟੀ ਮੈਂਬਰਾਂ ਨੇ ਵੀ ਨਵੇਂ ਵਿਦਿਆਰਥੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਹਨਾਂ ਵੱਲੋਂ ਨਿਭਾਈਆਂ ਜਾ ਰਹੀਆਂ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਵਾਇਆ। ਅਕਾਦਮਿਕ ਕਮੇਟੀ ਨੇ ਧੰਨਵਾਦ ਮਤਾ ਪੇਸ਼ ਕੀਤਾ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਬਾਬੇ ਕੇ ਫਾਰਮ ਬਰਮਿੰਘਮ ਯੂ.ਕੇ ਵਿਖੇ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ ਵਾਲਿਆਂ ਦੀ 82ਵੀਂ ਬਰਸੀ ਸਮਾਗਮ ਜ਼ੋ ਕਿ 16 ਅਗਸਤ ਤੋਂ 24 ਅਗਸਤ ਦੀਆਂ ਤਿਆਰੀਆਂ ਸ਼ੁਰੂ—ਜਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ







ਫ਼ਿਰੋਜ਼ਪੁਰ, 10 ਅਗਸਤ (ਮਨੋਹਰ ਲਾਲ) :— ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬੇ ਕੇ ਫਾਰਮ ਸਟੈਟ ਫੋਰਡ ਐਵਨ ਸੀ.ਵੀ 37 ਓ.ਪੀ.ਯੂ ਬਰਮਿਘਮ ਯੂ.ਕੇ ਵਿਖੇ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ ਵਾਲਿਆਂ ਦੀ 82ਵੀਆਂ ਬਰਸੀ ਸਮਾਗਮ ਜ਼ੋ ਕਿ 16 ਅਗਸਤ ਤੋਂ 24 ਅਗਸਤ ਦੀਆਂ ਸ਼ੁਰੂ ਕੀਤੀਆਂ ਹਨ। ਇਹ ਜਾਣਕਾਰੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬੇ ਕੇ ਸੰਸਥਾ ਦੇ ਮੁੱਖ ਪ੍ਰਬੰਧਕ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ, ਸਵਰਨ ਸਿੰਘ ਸੇਬੀ, ਗੁਰਮੀਤ ਸਿੰਘ ਜੰਡੂ, ਤਜਿੰਦਰ ਸਿੰਘ ਘਟੋੜਾ ਵੱਲੋਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੀਆਂ ਤਿਆਰੀਆਂ ਹੋ ਰਹੀਆਂ ਹਨ ਅਤੇ ਸ਼ੈਡ ਲਗਾਏ ਜਾ ਰਹੇ ਹਨ। ਉਪਰੋਕਤ ਆਗੂਆਂ ਨੇ ਅੱਗੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਨੂੰ ਸਫਲ ਬਨਾਉਣ ਲਈ ਦੇਸ਼ਾਂ—ਵਿਦੇਸ਼ਾਂ ਤੋਂ ਮਹਾਂਪੁਰਖ ਪਹੁੰਚ ਰਹੇ ਹਨ, ਜਿਨ੍ਹਾਂ ਵਿਚ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਸੰਤ ਬਾਬਾ ਜਗਜੀਤ ਸਿੰਘ ਲੋਪੋਕੇ, ਸੰਤ ਬਾਬਾ ਧੰਨਾ ਸਿੰਘ ਨਾਨਕਸਰ ਮਹਿਤਾ ਚੌਂਕ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ, ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ, ਭਾਈ ਸਰਬਜੀਤ ਸਿੰਘ ਰੰਗੀਲਾ ਦੁਰਗਵਾਲਾ, ਭਾਈ ਅਮਰਜੀਤ ਸਿੰਘ ਹਜ਼ੂਰੀ ਰਾਗੀ ਨਾਨਕਸਰ ਠਾਠ ਈਸ਼ਵਰ ਦਰਬਾਰ, ਗੁਰਦੁਆਰਾ ਨਾਨਕਸਰ ਬਰਮਿੰਘਮ ਹਜ਼ੂਰੀ ਰਾਗੀ, ਭਾਈ ਦਵਿੰਦਰ ਸਿੰਘ ਸੋਢੀ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਮਨਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਵਿੰਦਰ ਸਿੰਘ ਲਾਡੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਰੂਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਗਿਆਨੀ ਸ਼ਰਨਜੀਤ ਸਿੰਘ ਰਾਜਾ ਸਾਂਸੀ ਏਅਰ ਪੋਰਟ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਦੇਵ ਸਿੰਘ ਬਾਉਲੀ ਸਾਹਿਬ ਡੱਲਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੰਤ ਮਹਾਂਪੁਰਸ਼ ਪਹੁੰਚ ਰਹੇ ਹਨ। ਗੱਲਬਾਤ ਕਰਦਿਆਂ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਸਟਾਲ ਅਤੇ ਬੱਚਿਆਂ ਦਾ ਕੈਂਪ ਮਾਰਸ਼ਲ ਆਰਟਸ ਅਤੇ ਹੋਰ ਬਹੁਤ ਕੁਝ ਖੇਡਾਂ ਕਰਵਾਈਆਂ ਜਾਣਗੀਆਂ। ਉਪਰੋਕਤ ਆਗੂਆਂ ਨੇ ਅੱਗੇ ਦੱਸਿਆ ਕਿ ਪਹਿਲਾ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਆਰੰਭ 16 ਅਗਸਤ ਅਤੇ 18 ਅਗਸਤ ਨੂੰ ਭੋਗ ਪਾਏ ਜਾਣਗੇ ਅਤੇ ਦੂਸਰਾ ਸ੍ਰੀ ਆਖੰਡ ਪਾਠ ਆਰੰਭ 18 ਅਗਸਤ ਨੂੰ ਅਤੇ 20 ਅਗਸਤ ਨੂੰ ਭੋਗ ਪਾਏ ਜਾਣਗੇ ਅਤੇ ਤੀਸਰਾ ਸ੍ਰੀ ਆਖੰਡ ਪਾਠ ਆਰੰਭ 20 ਅਗਸਤ ਨੂੰ ਅਤੇ 22 ਅਗਸਤ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸੇ ਤਰ੍ਹਾਂ ਚੋਥੇ ਸ੍ਰੀ ਆਖੰਡ ਪਾਠ ਸਾਹਿਬ 22 ਅਗਸਤ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਅਤੇ 24 ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਭਾਈ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ ਨੇ ਅੱਗੇ ਦੱਸਿਆ ਕਿ ਐਤਵਾਰ 17 ਅਤੇ 23 ਅਗਸਤ ਨੂੰ ਸਾਰਾ ਦਿਨ ਕੀਰਤਨ ਦਰਬਾਰ ਸਵੇਰੇ 11 ਵਜੇ ਸ਼ੁਰੂ ਹੋਵੇਗਾ ਅਤੇ ਹਰ ਰੋਜ਼ ਸ੍ਰੀ ਸੁਖਮਣੀ ਸਾਹਿਬ 3:30 ਵਜੇ ਤੋਂ 5 ਵਜੇ ਤੱਕ ਆਸਾ ਦੀ ਵਾਰ 5 ਵਜੇ ਤੋਂ 7 ਵਜੇ ਤੱਕ, ਬੱਚਿਆਂ ਦਾ ਕੀਰਤਨ 4 ਵਜੇ ਤੋਂ 4:45 ਵਜੇ ਤੱਕ ਹੋਵੇਗਾ ਅਤੇ ਸ਼ਾਮ ਦੇ ਦੀਵਾਨ 6:30 ਵਜੇ ਤੋਂ 10 ਵਜੇ ਤੱਕ ਹੋਇਆ ਕਰਨਗੇ। ਇਸ ਤਰ੍ਹਾਂ 24 ਅਗਸਤ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸ੍ਰੀ ਸੁਖਮਣੀ ਸਾਹਿਬ 3:30 ਤੋਂ 5 ਵਜੇ ਤੱਕ ਆਸਾ ਦੀ ਵਾਰ 5 ਵਜੇ ਤੋਂ 7 ਵਜੇ ਤੱਕ ਭੋਗ ਆਰਤੀ ਕੀਰਤਨ ਅਤੇ ਅਰਦਾਸ 10 ਵਜੇ ਤੋਂ 12 ਵਜੇ ਤੱਕ, ਕੀਰਤਨ ਅਤੇ ਕਥਾ 12 ਵਜੇ ਤੋਂ 2 ਵਜੇ ਤੱਕ ਅਤੇ ਨਗਰ ਕੀਰਤਨ 2 ਵਜੇ ਤੋਂ 3:30 ਵਜੇ ਤੱਕ ਸਜਾਇਆ ਜਾਵੇਗਾ। ਉਪਰੋਕਤ ਆਗੂਆਂ ਨੇ ਦੇਸ਼ਾਂ—ਵਿਦੇਸ਼ਾਂ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ।

ਆਵਾਜ਼ਿ ਕੌਮ AWAZE QAUM International Newspaper & WEB TV

# ਬਾਬਾ ਹਿੰਮਤ ਰਾਏ ਤੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਬਾਬਾ ਹਿੰਮਤ ਰਾਏ ਤੋਂ ਹਿੰਮਤ ਸਿੰਘ ਜੀ ਦਾ ਵਰ ਦਿੱਤਾ

**ਫ਼ਿਰੋਜ਼ਪੁਰ, 10 ਅਗਸਤ (ਮਨੋਹਰ ਲਾਲ) :—** ਵੈਸੇ ਤਾਂ ਸਿੱਖ ਕੌਮ ਵਿਚ ਬਹੁਤ ਮਹਾਨ ਸਖਸ਼ੀਅਤਾਂ ਪੈਦਾ ਹੋਈਆਂ ਹਨ, ਜਿਨ੍ਹਾਂ ਨੇ ਮਨੁੱਖਤਾ ਨੂੰ ਜੀਵਨ ਸੇਧ ਦੇਣ ਲਈ ਅਨੇਕਾਂ ਕਾਰਜ ਕੀਤੇ ਹਨ, ਚਾਹੇ ਉਹ ਮਨੁੱਖਤਾ ਨੂੰ ਉੱਚੇ ਚੁੱਕਣ ਦੀ ਗੱਲ ਹੋਵੇ ਜਾਂ ਦੱਬੇ ਕੁਚਲੇ ਲੋਕਾਂ ਨਾਲ ਅਨਿਆ ਦੀ ਗੱਲ ਹੋਵੇ। ਸਮੇਂ—ਸਮੇਂ ਅਕਾਲ ਪੁਰਖ ਨੇ ਆਪਣੇ ਪਿਆਰਿਆਂ ਨੂੰ ਇਸ ਦੁਨਿਆਂ ਉਪਰ ਜਨਮ ਦੇ ਕੇ ਅਨਿਆ ਦੇ ਖਿਲਾਫ ਆਵਾਜ਼ ਉਠਾਉਣ ਲਈ ਭੇਜਿਆ, ਕੁਦਰਤ ਦਾ ਨਿਯਮ ਹੈ ਜੇਕਰ ਇਕ ਪਾਸੇ ਅਨਿਆ ਹੁੰਦਾ ਹੈ ਤਾਂ ਦੂਸਰੇ ਪਾਸੇ ਨਿਆ ਵਾਸਤੇ ਕਿਸੇ ਗੁਰੂ ਜਾਂ ਮਹਾਂਪੁਰਸ਼ ਦਾ ਜਨਮ ਹੁੰਦਾ ਹੈ। ਇਸ ਤਰ੍ਹਾਂ ਬਾਬਾ ਹਿੰਮਤ ਰਾਏ ਜੀ ਦਾ ਜਨਮ ਪਿੰਡ ਡਲ ਜ਼ਿਲ੍ਹਾ ਲਾਹੌਰ ਜ਼ੋ ਕਿ ਮੌਜੂਦਾ ਸਮੇਂ ਜ਼ਿਲ੍ਹਾ ਤਰਨਤਾਰਨ ਦੀ ਤਹਿਸੀਲ ਪੱਟੀ ਅਧੀਨ ਪੈਦਾ ਹੋਏ ਹਨ, ਇਨ੍ਹਾਂ ਦੀ ਸਤਿਕਾਰਯੋਗ ਮਾਤਾ ਜੈਜਵੰਤੀ ਜੀ ਦੀ ਪਵਿੱਤਰ ਕੁੱਖ ਵਿਚੋਂ ਪਿਤਾ ਬਿਸ਼ਨ ਚੰਦ ਜੀ ਦੇ ਗ੍ਰਹਿ ਵਿਖੇ 9 ਭਾਰਦੋ ਸੰਨ 1565 ਈ. ਨੂੰ ਹੋਇਆ। ਮੁੱਢ ਤੋਂ ਆਪ ਜੀ ਦਾ ਜੀਵਨ ਧਾਰਮਿਕ ਖਿਆਲਾਂ ਵਾਲਾ ਸੀ, ਆਪ ਜੀ ਦੇ ਜੀਵਨ ਵਿਚ ਧਰਮ, ਕੌਮ ਪ੍ਰਤੀ ਮਰ—ਮਿਟਣ ਦਾ ਜਜਬਾ ਬਚਪਨ ਵਿਚ ਹੀ ਝਲਕਦਾ ਸੀ, ਆਪ ਜੀ ਨੇ ਆਪਣੇ ਕਾਰੋਬਾਰੀ ਜੀਵਨ ਦੇ ਨਾਲ—ਨਾਲ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਸਮੇਂ—ਸਮੇਂ ਤੇ ਹਾਜ਼ਰੀ ਜਾਰੀ ਰੱਖੀ, ਆਪ ਜੀ ਦੀ ਰੂਚੀ ਜੰਗ ਕਾ ਅਭਿਆਸ, ਘੌੜ ਸਵਾਰੀ ਅਤੇ ਤਲਵਾਰ ਦੀ ਸਿੱਖਲਾਈ ਵਿਚ ਨਿਪੁੰਨ ਹੋ ਗਏ। ਹਿੰਮਤ ਰਾਏ ਤੋਂ ਆਪ ਜੀ ਹਿੰਮਤ ਸਿੰਘ ਜੀ ਕਿਵੇਂ ਬਣੇ ਬਾਰੇ ਉਨ੍ਹਾਂ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦਰਬਾਰ ਦੀ ਸੇਵਾ ਵਿਚ ਵਿਚਰਦਿਆਂ ਇਕ ਦਿਨ ਆਪ ਆਪਣੇ ਕੁਝ ਸਾਥੀ ਸਿੱਖਾਂ ਨਾਲ ਇਕ ਜੰਗਲ ਵਿਚੋਂ ਵਿਚਰ ਰਹੇ ਸਨ, ਥੋੜੀ ਦੂਰ ਆਪ ਨੂੰ ਗਊਆਂ ਦਾ ਝੂੰਡ ਦਿਖਾਈ ਦਿੱਤਾ, ਇਨ੍ਹਾਂ ਗਊਆਂ ਨੂੰ ਬੁਚੜਾਂ ਵੱਲੋਂ ਬੰਦੀ ਬਣਾ ਕੇ ਲਿਜਾਇਆ ਜਾ ਰਿਹਾ ਸੀ, ਪਾਪ ਬੁਰਾ ਪਾਪੀ ਕੋ ਪਿਆਰਾ ਪਾਪ ਹੁੰਦਾ ਬਹੁਤ ਬੁਰਾ ਹੈ ਪਰ ਪਾਪ ਕਰਨ ਵਾਲੇ ਨੂੰ ਬਹੁਤ ਚੰਗਾ ਲੱਗਦਾ ਹੈ, ਇਹ ਪਾਪਾ ਆਪ ਤੋਂ ਸਹਾਰਿਆ ਨਾ ਗਿਆ ਅਤੇ ਉਨ੍ਹਾਂ ਨੇ ਬੁਚੜਾਂ ਨੂੰ ਖਤਮ ਕਰਕੇ ਗਊਆਂ ਨੂੰ ਆਜ਼ਾਦ ਕਰਵਾਇਆ, ਜਦ ਇਸ ਗੱਲ ਤਾ ਪਤਾ ਛੇਵੇਂ ਪਾਤਸ਼ਾਹ ਜੀ ਨੂੰ ਲੱਗਾ ਤਾਂ ਆਪ ਅਤਿਅੰਤ ਖੁਸ਼ ਹੋਏ ਅਤੇ ਕਿਹਾ ਕਿ ਹਿੰਮਤ ਰਾਏ ਆਪ ਜੀ ਨੇ ਸ਼ੇਰਾਂ ਵਾਲੀ ਤਾਕਤ ਦਿਖਾ ਕੇ ਇਨ੍ਹਾਂ ਗਊਆਂ ਨੂੰ ਪਾਪੀਆਂ ਤੋਂ ਆਜ਼ਾਦ ਕਰਵਾਇਆ ਹੈ, ਇਸ ਲਈ ਆਪ ਹਿੰਮਤ ਰਾਏ ਨਹੀਂ ਹਿੰਮਤ ਸਿੰਘ ਹੋਏ। ਇਸ ਤਰ੍ਹਾਂ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ 25 ਸਿੱਖਾਂ ਦੀ ਹੋ ਗਈ, ਇਸ ਬੇ—ਆਬਾਦ ਇਲਾਕੇ ਵਿਚ ਨੇੜੇ ਕੋਈ ਪਾਣੀ ਦਾ ਪ੍ਰਬੰਧ ਨਾ ਹੋਣ ਕਰਕੇ ਇਸ ਜਗ੍ਹਾ ਉਪਰ ਪਾਣੀ ਦੀ ਇਕ ਛੱਪੜੀ ਵਿਖਾਈ ਦਿੱਤੀ ਅਤੇ ਆਪ ਜੀ ਦਾ ਮਿਲਾਪ ਸੰਘ ਮਹਿਰਮਦਾਸ ਜੀ ਨਾਲ ਹੋਇਆ ਜ਼ੋ ਗੁਪਤ ਰੂਪ ਵਿਚ ਇਥੇ ਤਪਸਿਆ ਕਰਦੇ ਸਨ, ਜਦ ਸੰਤ ਜੀ ਨੇ ਘੋੜਿਆਂ ਦੇ ਪੈੜਾਂ ਦੀ ਆਵਾਜ਼ ਸੁਣੀ ਤਾਂ ਬਾਬਾ ਜੀ ਨੂੰ ਇਸ ਬੇ—ਆਬਾਦ ਇਲਾਕੇ ਵਿਚ ਆਉਣ ਦਾ ਕਾਰਨ ਪੁਛਿਆ ਤਾਂ ਬਾਬਾ ਜੀ ਨੇ ਜਵਾਬ ਦਿੱਤਾ ਸੰਤ ਜੀ ਅਸੀਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਭਾਲ ਵਿਚ ਹਾਂ। ਅਸੀਂ ਗੁਰੂ ਸਾਹਿਬ ਨਾਲੋਂ ਵਿਛੜ ਚੁੱਕੇ ਹਾਂ, ਪਤਾ ਲੱਗਾ ਹੈ ਕਿ ਮੂਗਲ ਫੌਜਾਂ ਨੇ ਜੰਗ ਦੀ ਚੜਾਈ ਕਰ ਦਿੱਤੀ ਹੈ, ਇਸ ਸਮੇਂ ਅਸੀਂ ਛੇਤੀ ਗੁਰੂ ਸਾਹਿਬ ਜੀ ਨੂੰ ਮਿਲਣਾ ਚਾਹੁੰਦੇ ਹਾਂ ਤਾਂ ਜ਼ੋ ਅਸੀਂ ਧਰਮ ਦੇ ਇਸ ਕਾਰਜ ਵਿਚ ਗੁਰੂ ਜੀ ਦਾ ਸਾਥ ਦੇ ਸਕੀਏ। ਬਾਬਾ ਜੀ ਨੇ ਸਾਰੀ ਵਾਰਤਾ ਸੁਣ ਕੇ ਸੰਤ ਜੀ ਨੇ ਵਚਨ ਕੀਤਾ ਮਹਾਂਪੁਰਸ਼ੋ ਆਪ ਜਥੇ ਸਮੇਤ ਇਥੇ ਰਾਤ ਠਹਿਰੋ (ਗੁਰੂ ਸਾਹਿਬ ਦੀ ਕ੍ਰਿਪਾ) ਨਾਲ ਅੰਮ੍ਰਿਤ ਵੇਲੇ ਆਪ ਜੀ ਨੂੰ ਗੁਰੂ ਸਾਹਿਬ ਦੇ ਪੱਕੇ ਟਿਕਾਣੇ ਦਾ ਪਤਾ ਲੱਗ ਜਾਵੇਗਾ, ਜਿਵੇਂ ਕਿ ਸਾਧੂ ਬੋਲੇ ਸਹਿਜ ਸੁਭਾ, ਸਾਧੂ ਦਾ ਬੋਲਿਆ ਬਿਰਥਾ ਨਾ ਜਾਏ ਅਤੇ ਅੰਮ੍ਰਿਤ ਵੇਲੇ ਬਾਣੀਸਿੱਖਾਂ ਨੂੰ ਅਕਾਸੋ ਹੋਈ, ਗੁਰੂ ਜੀ ਮਹਾਰਾਜ ਪਹੁੰਚ ਗਏ। ਇਸੇ ਤਰ੍ਹਾਂ ਅੰਮ੍ਰਿਤ ਵੇਲੇ ਗੁਰੂ ਸਾਹਿਬ ਜੀ ਦੇ ਮਹਿਰਾਜ ਹੋਣ ਦੀ ਭਵਿੱਖ ਬਾਣੀ ਹੋਈ, ਜਦ ਬਾਬਾ ਜੀ ਜਥੇ ਸਮੇਤ ਰਵਾਨਗੀ ਕਰਨ ਲੱਗੇ ਤਾਂ ਸੰਤ ਮਹਿਰਮ ਦਾਸ ਜੀ ਨੇ ਵਚਨ ਕੀਤਾ, ਗੁਰੂ ਕੇ ਸਿੱਖੋਂ ਆਪ ਜੀ ਦੇ ਫਿਰ ਦੁਬਾਰਾ ਕਦੋਂ ਦਰਸ਼ਨ ਹੋਣਗੇ, ਬਾਬਾ ਜੀ ਨੇ ਕਿਹਾ ਕਿ ਸੰਤ ਜੀ ਗੁਰੂ ਸਾਹਿਬ ਦੀ ਕ੍ਰਿਪਾ ਹੋਈ ਤਾਂ ਦੁਬਾਰਾ ਫਿਰ ਅਸੀਂ ਇਸ ਅਸਥਾਨ ਉਪਰ ਆਵਾਂਗੇ, ਹਮੇਸ਼ਾ ਫਿਰ ਇਸ ਅਸਥਾਨ ਉਪਰ ਰਹਿਆ ਕਰਾਂਗੇ, ਬਾਬਾ ਜੀ ਨੇ ਜਥੇ ਸਮੇਤ ਰਵਾਨਗੀ ਕਰ ਦਿੱਤੀ ਅਤੇ ਲੰਬਾ ਪੈਂਡਾ ਤਹਿ ਕਰਕੇ ਮਹਿਰਾਜ ਵਿਖੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਜਾ ਮਿਲੇ, ਗੁਰੂ ਸਾਹਿਬ ਜੀ ਸਿੱਖਾਂ ਨਾਲ ਮੂਗਲ ਸਰਕਾਰ ਦੇ ਟਾਕਰੇ ਦਾ ਮੂੰਹ ਤੋੜ ਜਵਾਬ ਦੇਣ ਲਈ ਵਿਚਾਰ ਮਸ਼ਵਰਾ ਕਰ ਰਹੇ ਸਨ, ਸੰਮਤ 1688 ਵਿਚ ਮੂੰਗਲ ਫੌਜ਼ ਵੱਲੋਂ ਕਾਸਮ ਬੇਗ ਅਤੇ ਲੱਲਾ ਬੇਗ ਦੀ ਅਗਵਾਈ ਵਿਚ 35000 ਫੌਜ਼ ਸਮੇਤ ਹੱਲਾ ਬੋਲ ਦਿੱਤਾ ਗਿਆ, ਦੂਸਰੇ ਪਾਸੇ 6000 ਮਰਜੀਵੜੇ ਸਿੱਖਾਂ ਦੀ ਫੌਜ਼ ਨੇ ਡੱਟ ਕੇ ਮੂਗਲ ਫੌਜਾਂ ਦਾ ਮੁਕਾਬਲਾ ਕੀਤਾ। ਇਸ ਜੰਗ ਵਿਚ 1200 ਸਿੱਖ ਸ਼ਹੀਦ ਹੋਏ ਅਤੇ ਬਾਬਾ ਹਿੰਮਤ ਸਿੰਘ ਜੀ ਆਪਣੇ 25 ਸਿੱਖਾਂ ਦੇ ਜਥੇ ਸਮੇਤ ਇਸ ਧਰਮ ਜੰਗ ਵਿਚ ਜੂਝਦੇ ਸ਼ਹੀਦ ਹੋ ਗਏ ਅਤੇ ਜਿੱਤ ਗੁਰੂ ਸਾਹਿਬ ਦੀ ਹੋਈ। ਇਸ ਤਰ੍ਹਾਂ ਭਾਈ ਸੀਤਾ ਸਿੰਘ ਜੀ ਪਿੰਡ ਤੂਤ ਦੇ ਵਸਨੀਕ ਸਨ ਅਤੇ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਦੀ ਕ੍ਰਿਪਾ ਨਾਲ ਇਨ੍ਹਾਂ ਉਪਰ ਵਚਨ ਹੋਇਆ ਕਿ ਸਾਡਾ ਅਸਥਾਨ ਧਿਆਨ ਸਿੰਘ ਦੇ ਮੈਰੇ ਵਿਚ ਬਨਾਇਆ ਜਾਵੇ, ਕਿਉਂਕਿ ਸਾਡਾ ਇਸ ਜਗ੍ਹਾ ਨਾਲ ਪੁਰਾਣਾ ਸਬੰਧ ਹੈ, ਇਸੇ ਤਰ੍ਹਾਂ ਸੰਗਤਾਂ ਨੇ ਬੇਨਤੀ ਕੀਤੀ ਕਿ ਇਹ ਜਗ੍ਹਾ ਡਰਾਉਣੀ ਹੈ ਅਤੇ ਬੇ—ਆਬਾਦ ਹੈ, ਬਾਬਾ ਜੀ ਨੇ ਕਿਹਾ ਕਿ ਏਥੇ ਰੌਣਕਾਂ ਲੱਗਣਗੀਆਂ ਅਤੇ ਸਾਰਾ ਇਲਾਕਾ ਆਬਾਦ ਹੋਵੇਗਾ, ਸੋ ਸੰਗਤਾਂ ਨੇ ਇਥੇ ਛੋਟਾ ਕਮਰਾ ਅਤੇ ਖੂਹੀ ਦੀ ਤਿਆਰੀ ਕਰਵਾਈ ਗਈ ਅਤੇ ਪੂਰਨਮਾਸੀ ਦਾ ਦਿਹਾੜਾ ਮਨਾਇਆ ਜਾਣ ਲੱਗਾ। ਇਸੇ ਤਰ੍ਹਾਂ ਇਸ ਅਸਥਾਨ ਤੇ ਭਾਈ ਇੰਦਰ ਸਿੰਘ ਜੀ ਨੇ ਸੇਵਾ ਕੀਤੀ ਅਤੇ ਮਾਸਟਰ ਨਰਿੰਜਨ ਸਿੰਘ ਜੀ, ਸੰਤ ਸ਼ੇਰ ਸਿੰਘ ਜੀ, ਭਾਈ ਅਜੀਤ ਸਿੰਘ ਜੀ ਪਤੀਦਾਰ, ਸੰਤ ਪ੍ਰਮੇਸ਼ਰਪੁਰੀ ਜੀ ਜ਼ੋ ਕਿ 20 ਜਨਵਰੀ 1984 ਨੂੰ ਚੋਲਾ ਛੱਡ ਗਏ ਅਤੇ ਇਨ੍ਹਾਂ ਤੋਂ ਬਾਅਦ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਇਸ ਅਸਥਾਨ ਨੂੰ ਜੰਗਲ ਤੋਂ ਮੰਗਲ ਵਿਚ ਬਦਲ ਦਿੱਤਾ ਅਤੇ ਉਨ੍ਹਾਂ ਨੇ ਰਾਤ—ਦਿਨ ਤਪ ਕਰਕੇ ਇਸ ਅਸਥਾਨ ਨੂੰ ਆਬਾਦ ਕੀਤਾ ਅਤੇ ਸੰਗਤਾਂ ਦੂਰੋਂ—ਦੂਰੋਂ ਇਥੇ ਆਉਂਦੀਆਂ ਹਨ ਅਤੇ ਆਪਣੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੀਆਂ ਹਨ, ਸੋ ਜਿਹੜਾ ਵੀ ਪ੍ਰਾਣੀ ਜਿਵੇਂ ਕਿ ਬਿਮਾਰੀ ਤੋਂ ਪੀੜਤ ਹੈ ਜਾਂ ਦੁੱਖਾਂ ਕਲੇਸ਼ਾਂ ਤੋਂ ਪੀੜਤ ਹੈ, ਉਨ੍ਹਾਂ ਦੀ ਹਰ ਕਿਸੇ ਦੀ ਕਾਮਨਾ ਪੂਰੀਆਂ ਹੁੰਦੀਆਂ ਹਨ। ਹੁਣ ਇਸ ਅਸਥਾਨ ਤੇ ਸੰਗਤਾਂ ਲਈ ਠਹਿਰਣ ਲਈ ਕਮਰੇ ਹਨ ਅਤੇ 24 ਘੰਟੇ ਲੰਗਰ ਚੱਲਦਾ ਹੈ ਅਤੇ ਸੰਗਤਾਂ ਰੋਦੀਆਂ ਆਉਂਦੀਆਂ ਹਨ ਅਤੇ ਹਸਦੀਆਂ ਜਾਂਦੀਆਂ ਹਨ ਅਤੇ ਇਹ ਤਪ ਅਸਥਾਨ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਬਾਠ ਦਾ ਬਣਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

## ਪੰਥਕ ਆਗੂ, ਖਾਲਿਸਤਾਨ ਦੇ ਨਾਮ 'ਤੇ ਵਿਸ਼ਵਾਸ-ਘਾਤ ਕਰ ਰਹੇ ਹਨ

# ਯੂਕੇ ਦਾ ਰਾਜਾ, ਚਰਚਾਂ ਦਾ ਮੁਖੀ ਹੋ ਸਕਦਾ, ਸਾਡੇ ਮੀਰੀ-ਪੀਰੀ ਸਿੱਧਾਂਤ ਵਿੱਚ ਦਖਲ ਕਿਉਂ ?



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਗੁਰਦੁਆਰਿਆਂ ਵਿੱਚ 'ਖਾਲਿਸਤਾਨ ' ਲਿਖੇ ਜਾਣ ਦੇ ਮੁੱਦੇ ਤੇ 2019 ਤੋ, ਸਿੰਘ ਸਭਾ, ਸਲੋਅ ਦਾ ਕੇਸ ਚੈਰਿਟੀ ਕਮਿਸ਼ਨ ਕੋਲ ਵਿਚਾਰ ਗੋਚਰੇ ਕੀਤਾ ਸੀ ।ਜਿਸ ਤੇ ਚੈਰਿਟੀ ਨੇ ਆਪਣੇ ਹੀ ਤੌਰ ਇਹ ਮੰਨਿਆ ਤੇ ਇਤਰਾਜ਼ ਕੀਤਾ ਕਿ 'ਖਾਲਿਸਤਾਨ' ਇਕ ਵੱਖਰੇ ਦੇਸ਼ ਦੀ ਹੋਂਦ ਲਈ ਹੈ ਅਤੇ ਭਾਰਤ ਵਿੱਚ ਵੱਖਰੇ ਦੇਸ਼ ਦੀ ਪਰੋੜਤਾ ਕਰਦਾ ਹੈ ।ਚੈਰਿਟੀ ਕੋਲ ਸ਼ਾਇਦ ਕਿਸੇ ਸ਼ਿਕਾਇਤ ਵਜੋਂ ਜਾਂ ਕਿਸੇ ਵੀ ਰੂਪ ਵਿੱਚ ਇਹ ਮੁੱਦਾ ਪੁੱਜਿਆ , ਪਰ ਇਹ ਗੱਲ ਦਰੁਸਤ ਹੈ ਕਿ " ਖਾਲਿਸਤਾਨ" ਦਾ ਸਿੱਧੇ ਤੌਰ ਤੇ ਅਰਥ ਹੈ ਕਿ "ਖ਼ਾਲਸੇ ਦਾ ਦੇਸ਼ " ਹੈ ।ਹੁਣ ਕਝ ਆਗੂ ਜੋ ਇਸ ਨੂੰ ਸੁਲਝਾਉਣ ਪੱਖੋਂ ਚੈਰਿਟੀ ਕਮਿਸ਼ਨ ਪਾਸ ਗਏ ਤਾਂ ਇਹਨਾਂ ਕਮਿਸ਼ਨ ਦੀਆਂ ਗੈਰ ਵਾਜਬ ਸ਼ਰਤਾਂ ਅਗੇ ਗੋਡੇ ਟੇਕ ਦਿੱਤੇ ।ਸਿੱਖ ਫੈਡਰੇਸ਼ਨ ਦੇ ਸਾਡੇ ਦੂਜੇ ਧੜੇ ਦੇ ਆਗੂ ਭਾਈ ਅਮਰੀਕ ਸਿੰਘ ਤੇ ਸਰਦਾਰ ਦਵਿੰਦਰਜੀਤ ਸਿੰਘ ਨੇ ਬਿਨਾਂ ਕਿਸੇ ਕੌਮੀ ਸਲਾਹ ਦੇ , ਮਾਮਲੇ ਨੂੰ ਆਪਣੇ ਹੀ ਹੱਥਾਂ ਵਿਚੋ ਦੀ ਨਜਿੱਠਣ ਦੀ ਕਾਹਲ਼ ਕੀਤੀ ।ਨਾਲ ਤਿੰਨ ਐਮ ਪੀ , ਦੋ ਕੌਂਸਰਲ, ਕੋਈ ਦੋ ਕੁ ਵਕੀਲ ਲੈ ਕੇ ਮਸਲੇ ਨੂੰ ਇੱਕ ਵੱਖਰਾ ਹੀ ਰੂਪ ਦੇ ਦਿੱਤਾ ਕਿ ਜੋ ਅੱਜ , ਸਾਡੇ ਵਿਚਾਰਾਂ ਵਿੱਚ ਘਾਤਕ ਸਿੱਧ ਹੋ ਰਿਹਾ ਹੈ ।"ਖਾਲਿਸਤਾਨ" ਸ਼ਬਦ ਜੋ ਕਿ ਸਿੱਖਾਂ ਦਾ ਸਿਆਸੀ ਸੰਗਰਸ਼ ਦਾ ਸ਼ਬਦ , ਦੇਸ਼ ਦੀ ਕਾਇਮੀ ਤੇ ਆਜ਼ਾਦੀ ਦਾ ਪ੍ਰਤੀਕ ਹੈ ।ਇਹਨਾਂ ਆਗੂਆਂ ਤੇ ਨਾਲ ਗਏ ਸੱਜਣਾਂ ( ਐਮ ਪੀ ਤਨਮਨਜੀਤ ਢੇਸੀ, ਐਮ ਪੀ ਬੀਬਾ ਪ੍ਰੀਤ ਕੌਰ ਗਿੱਲ , ਐਮ ਪੀ ਜੇ ਐਸ਼ ਅਟਵਾਲ , ਡਾਕਟਰ ਜਸਦੇਵ ਰਾਏ , ਸਤਨਾਮ ਸਿੰਘ ਬੈਰਿਸਟਰ, ਪ੍ਰੋਫੈਸਰ ਗੁਰਤੇਜ ਸਿੰਘ, ਅਮਰਜੀਤ ਸਿੰਘ ਭਚੂ ਵਕੀਲ )ਕਮਿਸ਼ਨ ਵੱਲੋਂ ਰੱਖੀਆਂ ਸ਼ਰਤਾਂ , ਇਹ ਕਹਿ ਕੇ ਮੰਨ ਆਏ ਕਿ 'ਖਾਲਿਸਤਾਨ ' ਸਿੱਖਾਂ ਦਾ ਧਾਰਮਿਕ ਸ਼ਬਦ ਹੈ ।ਸਾਡਾ ਕਹਿਣਾ ਹੈ ਕਿ ਇਹ ਸ਼ਬਦ ਧਾਰਮਿਕ ਨਹੀਂ, ਸਗੋਂ ਮੀਰੀ-ਪੀਰੀ ਸਿੱਧਾਤ ਪੱਖੋਂ ਹੱਕੀ ਤੇ ਸਿਆਸੀ ਲਹਿਰ ਦੀ ਅਗਵਾਈ, ਵੱਖਰੇ ਦੇਸ਼ ਦੀ ਬਣਤਰ ਦਾ ਸ਼ਬਦ ਹੈ ।ਠੀਕ ਉਸੇ ਤਰਾਂ ਜਿਵੇਂ 'ਸਰਕਾਰੇ ਖਾਲਸਾ' 'ਖ਼ਾਲਸਾ ਰਾਜ' 'ਸਿੱਖ ਰਾਜ' 'ਸਿੱਖ ਸਟੇਟ' ਦਰਜ ਹਨ ।26 ਜਨਵਰੀ 1986 ਦੇ ਸਰਬੱਤ ਖ਼ਾਲਸੇ ਦੇ ਇਕੱਠ ਵਿੱਚ ਇਸੇ ਅਧਾਰ "ਖਾਲਿਸਤਾਨ" ਦੇ ਗੁਰਮਤੇ ਰਾਹੀਂ ਪ੍ਰਵਾਨ ਕੀਤਾ ਜਾ ਚੁੱਕਾ ਹੈ ।"ਖਾਲਿਸਤਾਨ " ਦਾ ਸੰਗਰਸ਼ ਵੀ ਤਾਂ ਆਜ਼ਾਦ ਪਸੰਦ ਲੋਕਾਂ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਕਹੇ ਸ਼ਬਦਾਂ ਅਨੁਸਾਰ ਹੀ ਹੈ -"ਚੂੰ ਕਾਰ ਅੱਜ ਹਮਾਂ ਹੀਲਤੇ ਦਰ ਗੁਜਸ਼ਤ , ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ "।ਚੈਰਿਟੀ ਕਮਿਸ਼ਨ ਨੂੰ ਗਲਤ ਦੱਸਿਆ ਗਿਆ ਕਿ "ਖਾਲਿਸਤਾਨ " ਸਿੱਖਾਂ ਦਾ ਧਾਰਮਿਕ ਸ਼ਬਦ ਹੈ ।ਇਹ ਕੌਮੀ ਸਿਧਾਂਤ ਦੇ ਨਿੰਸ਼ਾਨੇ ਨਾਲ ਵਿਸ਼ਵਾਸਘਾਤ ਹੈ ।"ਖਾਲਿਸਤਾਨ " ਦਾ ਸ਼ਬਦ ਗੁਰਬਾਣੀ ਵਿੱਚ ਕਿਧਰੇ ਅੰਕਿਤ ਨਹੀਂ ਹੈ । ਕਿਸੇ ਕੀਰਤਨ ਵਜੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਵੀ ਨਹੀਂ ਹੈ । ਨਿਨਮੋਲ ਇੱਕ ਖ਼ਿੱਤੇ ਦੀ ਆਜ਼ਾਦੀ ਉਪਰੰਤ ਦੇਸ਼ ਦੇ ਨਾਮ ਨਾਲ ਸਬੰਧਤ ਹੈ । ਜਦਕਿ ਗੁਰਬਾਣੀ ਦਾ ਆਧਾਰ ਤੇ ਧਾਰਮਿਕ ਸੰਦੇਸ਼ ਪੂਰੇ ਸੰਸਾਰ ਲਈ ਹੈ , ਅਤੇ ਬੇਹੱਦ ਹੈ ।ਗੁਰਬਾਣੀ ਦੇ ਆਧਾਰ ਤੇ ਪ੍ਰਚਾਰ ਦੀ ਕੋਈ ਸੰਸਾਰਕ ਹੱਦ ਨਹੀਂ ਹੈ । ਹੁਣ ਚੈਰਿਟੀ ਕਮਿਸ਼ਨ ਨੇ ਸਿੱਖ ਸੰਗਰਸ਼ ਤੇ ਪੂਰੀ ਰੋਕ ਜਿਹੀਆਂ ਸ਼ਰਤਾਂ ਲਾ ਕੇ "ਖਾਲਿਸਤਾਨ " ਦੇ ਬੋਰਡ ਨੂੰ ਧਾਰਮਿਕ ਵਜਾ ਮੰਨ ਕੇ , ਬੋਰਡ ਲਗਾ ਰਹਿਣ ਦੇਣ ਲਈ ਇਜਾਜ਼ਤ ਦਿੱਤੀ ਹੈ ।ਜਿਸ ਨੂੰ ਉਪਰੋਕਤ ਸੱਜਣ , ਝੂਠੇ ਤੌਰ ਤੇ ਕਾਮਯਾਬੀ ਦੱਸ ਰਹੇ ਹੈ ।ਇਹ ਵੀ ਤੁਸੀਂ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਹੋ ।

ਚੈਰਿਟੀ ਆਦੇਸ਼ ਦੇ ਕੇ ਇਹ ਕਹਿ ਰਹੀ ਹੈ ਕਿ , ਗੁਰਦੁਆਰਾ ਸਟੇਜ ਤੇ ਕੋਈ ਵੱਖਰੇ ਦੇਸ਼ ਦੀ ਮੰਗ ਨਹੀਂ ਹੋਵੇਗੀ , ਕੋਈ ਸਿਆਸੀ ਸ਼ਬਦ , ਲੈਕਚਰ ਵਗੈਰਾ ਨਹੀਂ ਹੋਵੇਗਾ ,ਕੋਈ ਪੈਸਾ ਜਾਂ ਫੰਡ ਇਕੱਠਾ ਨਹੀ ਕੀਤਾ ਜਾਵੇਗਾ,ਭਾਰਤ ਵਿੱਚ ਵੱਖਰੇ ਦੇਸ਼ ਦੀ ਗੱਲ ਤੇ ਵੀ ਕਠੋਰਤਾ ਨਾਲ ਰੋਕ ਲਾਈ ਗਈ ਹੈ ।ਇਹ ਲੋਕ ਕਿਸ ਪੱਥਰ ਹਿਰਦੇ ਨਾਲ ਗਲਤ ਪ੍ਰਚਾਰ ਕਰ ਰਹੇ ਹਨ , ਕਿ ਚੈਰਿਟੀਕਮਿਸ਼ਨ ਨੇ "ਖਾਲਿਸਤਾਨ " ਦੇ ਬੋਰਡਾਂ ਨੂੰ ਲੱਗੇ ਰਹਿਣ ਦੀ ਇਜਾਜ਼ਤ ਦਿੱਤੀ ਹੈ । ਇਹਨਾਂ ਦਾ ਇਸਤਰਾਂ ਗੁੰਮਰਾਹ ਕਰਨਾ , ਉਹਨਾਂ ਸਿੱਖਾਂ ਦੇ ਮਨਾਂ ਤੇ ਦੁਖਦਾਈ ਸਟ ਮਾਰਦਾ ਹੈ , ਜਿਨਾਂ ਚਾਰ ਦਹਾਕਿਆਂ ਤੋਂ ਤਨ, ਮਨ ਕਰਕੇ ਕੌਮੀ ਸੰਗਰਸ਼ ਦਾ ਸਾਥ ਤੇ ਅਗਵਾਈ ਕੀਤੀ ਹੈ ।ਇਸਤਰਾਂ ਦਾ ਰਵੱਈਆ ਸ਼ਹੀਦਾਂ ਤੇ ਕੁਰਬਾਨੀਆਂ ਨਾਲ ਵੀ ਧੋਖਾ ਹੈ ।ਭਾਈ ਅਮਰੀਕ ਸਿੰਘ ਦੀ ਸੋਚਣੀ ਜਦ ਵੀ ਕਲਰਕ ਦੀ ਵਿਚਾਰਧਾਰਾ ਤੇ ਪਹਿਰਾ ਦਿੰਦੀ ਹੈ , ਇਹ ਹਮੇਸ਼ਾ ਪਛੜ ਜਾਂਦੇ ਹਨ। ਇਹੀ ਹੁਣ ਹੋਇਆ ਹੈ ।ਇਹ ਮਾਮਲਾ ਕੋਈ ਐਮ ਪੀ ਤੇ ਵਕੀਲਾਂਦਾ ਨਹੀਂ ਸੀ ।ਸੁਹਿਰਦ ਸੱਜਣਾਂ ਤੇ ਸਿੱਖ ਸੰਗਤ ਦਾ ਸਿੱਧਾ ਮਸਲਾ ਸੀ ।ਐਮ ਪੀ ਸੱਜਣਾਂ ਦੇ ਜਾਣ ਤੇ ਵੀ ਉਹ ਤਾ ਸਿਰਫ ਸਲਾਹਕਾਰ ਹੀ ਸਨ ।ਗਲਤ ਵਿਚਾਰਧਾਰਾ ਤਾਂ ਇਹਨਾਂ ਪੰਥਕ ਆਗੂਆਂ ਨੇ ਪੈਦਾ ਕੀਤੀ ਹੈ ।ਮੀਰੀ ਪੀਰੀ ਦੇ ਸਿਧਾਂਤ ਤੋਂ ਅਣਜਾਣ, ਕੌਮ ਦੇ ਰਾਹ ਵਿੱਚ ਕੰਢੇ ਖਿਲਾਰੇ ਗਏ ਹਨ ।ਸਿੱਖ ਕੌਮ ਦੀ ਸਿਆਸਤ ਤੇ ਧਰਮ ਇਕੱਠੇ ਚੱਲਦੇ ਹਨ ।ਜਿਸ ਨੂੰ ਸਿਆਸਤ ਕਿਹਾ ਜਾਂਦਾ ਹੈ , ਸਿੱਖ ਉਸ ਨੂੰ ਆਮ ਸਮਾਜ ਦੀ ਭਲਾਈ ਦਾ ਸੰਗਰਸ਼ ਸੱਦਦੇ ਹਨ ।ਗੁਰਦੁਆਰਾ ਪ੍ਰਬੰਧਕ ਤੇ ਚੈਰਿਟੀ ਕਮਿਸ਼ਨ ਦਾ ਹੁਕਮ ਨਹੀਂ ਚੱਲੇਗਾ ।ਮੀਰੀ ਪੀਰੀ ਦਾ ਸਿੱਧਾਂਤ ਹੀ ਪ੍ਰਬਲ ਰਹੇਗਾ ।ਇਹ ਕੌਮੀ ਅਤੇ ਪੰਥਕ ਖੇਤਰ ਦੀ ਸੋਚ ਦਾ ਮਸਲਾ ਹੈ ।ਕੌਮੀ ਮਸਲਿਆਂ ਵਿੱਚ ਕਾਰੋਬਾਰੀ ਤੇ ਕਲਰਕੀ ਸੋਚ ਨਹੀਂ ਚਲਦੀ ।ਸਿਧਾਂਤ ਤੇ ਸਿਦਕ ਨਾਲ ਬੇੜਾ ਪਾਰ ਹੁੰਦਾ ਹੈ । ਦਵਿੰਦਰ ਜੀਤ ਸਿੰਘ ਨੇ "ਖਾਲਿਸਤਾਨ " ਨੂੰ "ਸ਼ੁਧ ਭੂਮੀ " ਕਹਿਕੇ ਹੋਰ ਵੀ ਹਾਸੋਹੀਣੇ ਸ਼ਬਦਾਂ ਨੂੰ ਦਹਰਾਇਆ ਹੈ ।ਜਦ ਕਿ "ਖਾਲਿਸਤਾਨ " ਭੂਮੀਆਂ ਤੇ ਇਤਿਹਾਸਕ ਪਛੋਕੜ ਸਪੱਸ਼ਟ ਹਨ ।ਕਿਸੇ ਵੀ ਬਹਾਨੇ ਕੌਮੀ ਮੁੱਦਿਆਂ ਤੋਂ ਮੂੰਹ ਮੋੜਨਾ , ਗੁਨਾਹ ਦੇ ਬਰਾਬਰ ਹੈ। ਜਦ ਕਿ ਡਾਕਟਰ ਰਾਂਏ ਨੇ ਇਸ ਦੀ "ਰਾਮ - ਰਾਜ" ਨਾਲ ਤੁਲਨਾ ਕੀਤੀ ਹੈ , ਜੋ ਕਿਸੇ ਹੱਦ ਤੱਕ ਦਰੁਸਤ ਹੈ ਕਿਉਂਕਿ "ਰਾਜ- ਸੱਤਾ " ਦਾ ਹਵਾਲਾ ਤਾਂ ਦਿੰਦੀ ਹੈ ।ਖਾਲਿਸਤਾਨ ਸਿੱਧੇ ਹੀ ਰਾਜ ਸੱਤਾ ਦੇ ਹਵਾਲੇ ਤੇ ਸਥਿਰ ਹੈ , ਇਸ ਵਿੱਚ ਕੋਈ ਵੀ ਭੁਲੇਖਾ ਪਾਉਣ ਵਾਲੇ , ਮੂਰਖਤਾ ਕਰ ਰਹੇ ਹਨ ।ਜਦ ਕਿ ਯੂ ਕੇ ਦਾ ਰਾਜਾ "ਚਾਰਲਜ" , ਰਾਜਾ ਵੀ ਹੈ ਤੇ "ਚਰਚ ਆਫ ਇੰਗਲੈਂਡ" ਦਾ ਮੁਖੀ ਵੀ ਹੈ ।

ਇੱਥੇ ਸਿਆਸਤ ਅਤੇ ਧਰਮ ਦੋਵੇਂ ਵੀ ਤਾਂ ਇਕੱਠੇ ਹਨ ।ਇਸੇ ਤਰਾਂ ਸਿੱਖ ਵੀ ਮੀਰੀ ਪੀਰੀ ਸਿਧਾਂਤ ਅਨੁਸਾਰ , ਆਪਣੇ ਹੱਕਾਂ ਦਾ ਪਾਲਣ ਕਰ ਰਹੇ ਹਨ । ਖਾਲਿਸਤਾਨ ਨਾਲ ਸਿੱਖ ਧਰਮ ਨਹੀਂ ਚੱਲਦਾ ।ਗੁਰੂ ਬਾਣੀ ਦਾ ਆਧਾਰ, ਸੰਦੇਸ਼ ਤੇ ਸਿੱਖ ਧਰਮ ਚੱਲਦਾ ਹੈ ।ਜਿਹੜੇ ਲੋਕ ਖਾਲਿਸਤਾਨ ਦੇ ਨਾਮ ਨੂੰ ਧਰਮ ਦੱਸਦੇ ਹਨ , ਉਹ ਕਿਧਰੇ ਹੋਰ ਜਾ ਕੇ ਧਾਰਮਿਕ ਭਾਵਨਾਵਾਂ ਤੇ ਟੱਲੀਆਂ ਵਜਾਉਣ ਦੇ ਇੱਛਕ ਹੋ ਸਕਦੇ ਹਨ , ਉਹ ਜਾਨਣ ।ਪਰ ਇਹਨਾਂ ਦੀ ਉਪਰੋਕਤ ਕਾਰਵਾਈ ਬਹੁਤ ਗਲਤ ਹੈ। ਸਿੰਧਾਂਤ ਅਨੁਸਾਰ ਹੀ ਸਿੱਖ ਗੁਰੂ ਅੱਗੇ ਨਿੱਤਾ ਪ੍ਰਤੀ ਅਰਦਾਸ ਕਰਦਾ ਹੈ , ਕਿ "ਰਾਜ ਕਰੇਗਾ ਖ਼ਾਲਸਾ " ।ਕੀ ਚੈਰਿਟੀ ਕਮਿਸ਼ਨ ਇਸ ਤੇ ਵੀ ਪਾਬੰਦੀ ਲਾਵੇਗਾ ? ਅਸੀਂ ਚੈਰਿਟੀ ਕਮਿਸ਼ਨ ਦੀ ਵਿਚਾਰਧਾਰਾ ਨਾਲ ਬਿਲਕੁਲ ਸਹਿਮਤ ਨਹੀਂ ਹਾਂ ।ਕਮਿਸ਼ਨ ਨੂੰ ਸਿੱਖ ਕੌਮ ਬਾਰੇ ਘੱਟ ਜਾਣਕਾਰੀ ਹੈ , ਕਮਿਸ਼ਨ ਨੂੰ ਪੂਰੇ ਤੌਰ ਸਮਝਣਾ ਚਾਹੀਦਾ ਹੈ ।ਅਧੂਰੀ ਜਾਣਕਾਰੀ ਕਿਸੇ ਵੀ ਅਥਾਰਟੀ ਲਈ ਲਾਹੇਵੰਦ ਨਹੀਂ ਹੈ । ••

# ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਹੋਈ ਫਲਾਪ, ਚਿੱਟੇ ਨਾਲ ਰੋਜ਼ਾਨਾ ਮਰ ਰਹੇ ਮਾਵਾਂ ਦੇ ਪੁੱਤ: ਕਰੀਮਪੁਰੀ

**ਚੱਬੇਵਾਲ , ਹੁਸ਼ਿਆਰਪੁਰ, 10 ਅਗਸਤ (ਆਵਾਜ਼ਿ ਕੌਮ ਬਿਓਰੋ)-** ਬਹਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੀ ਵਿਸ਼ੇਸ਼ ਮੀਟਿੰਗ ਕਮਿਉਨਿਟੀ ਹਾਲ 'ਚ ਹਲਕਾ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ ਅਤੇ ਹਲਕਾ ਪ੍ਰਧਾਨ ਯਸ਼ ਭੱਟੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਬਸਪਾ ਪੰਜਾਬ ਦੇ ਇੰਚਾਰਜ ਗੁਰਨਾਮ ਚੌਧਰੀ, ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਪੰਜਾਬ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਡਾ. ਕਰੀਮਪੁਰੀ ਨੇ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੇ ਵਰਦਿਆਂ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਜੇਕਰ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਫਲ ਹੋ ਰਹੀ ਹੈ ਤਾਂ ਪੰਜਾਬ ਅੰਦਰ ਰੋਜ਼ਾਨਾ ਮਾਵਾਂ ਦੇ ਪੁੱਤ ਚਿੱਟੇ ਨਾਲ ਕਿਉਂ ਮਰ ਰਹੇ ਹਨ ? ਉਨਾਂ ਕਿਹਾ ਕਿ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਬੁਰੀ ਤਰਾਂ ਫਲਾਪ ਹੋ ਗਈ ਕਿਓਂਕਿ ਚਿੱਟੇ ਨਾਲ ਮਰਨ ਵਾਲਿਆਂ ਦੀ ਗਿਣਤੀ ਵਿੱਚ ਕੋਈ ਕਮੀ ਨਹੀਂ ਆਈ। ਉਨਾਂ ਕਿਹਾ ਸਰਕਾਰ ਨੇ ਬੇਰੁਜ਼ਗਾਰੀ, ਮਹਿੰਗਾਈ, ਆਰਥਿਕ ਤੰਗੀ ਦੀ ਮਜਬੂਰੀ 'ਚ ਫਸਕੇ ਨਸ਼ੇੜੀ ਬਣੇ ਕਰੀਬ 30 ਹਜਾਰ ਨੌਜਵਾਨ ਜੇਲਾਂ ਵਿਚ ਡਕ ਦਿੱਤੇ, ਸੈਂਕੜੇ ਨਸ਼ੇ ਦੇ ਆਦੀ ਲੋਕਾਂ ਦੇ ਘਰ ਢਹਿ ਢੇਰੀ ਕਰ ਦਿੱਤੇ ਪਰ ਇਕ ਵੀ ਨਸ਼ਾ ਸਮਗਲਰ ਦਾ ਘਰ ਨਹੀਂ ਢਾਹਿਆ। ਕਰੀਮਪੁਰੀ ਨੇ ਵਿਧਾਨ ਸਭਾ ਹਲਕਾ ਫਿਲੌਰ ਦੇ ਪਿੰਡ ਰੁੜਕਾਂ ਕਲਾਂ ਦੇ ਪ੍ਰਾਇਮਰੀ ਸਕੂਲ ਵਿਚ ਛੋਟੇ ਛੋਟੇ ਬੱਚਿਆਂ ਦੇ ਮੂੰਹ ਵਿੱਚ ਜਬਰਦਸਤੀ ਡਰੱਗ ਪਾਉਣ ਦੀ ਵੀਡੀਓ ਦਾ ਜਿਕਰ ਕਰਦਿਆਂ ਕਿਹਾ ਕਿ ਪੰਜ ਦਿਨ ਬੀਤ ਜਾਣ ਤੇ ਵੀ ਆਪ,ਕਾਂਗਰਸ, ਭਾਜਪਾ, ਅਕਾਲੀ ਇਸ ਗੰਭੀਰ ਮਸਲੇ ਤੇ ਚੁੱਪ ਕਿਓਂ ਹਨ ? ਓਨਾਂ ਕਿਹਾ ਪਹਿਲਾਂ ਨਸ਼ੇ ਜਬਾਨੀ ਨੂੰ ਨਿਗਲ ਰਹੇ ਸਨ ਪਰ ਹੁਣ ਪ੍ਰਾਇਮਰੀ ਸਕੂਲਾਂ ਵਿਚ ਵੀ ਜਬਰਦਸਤੀ ਮੂੰਹ ਵਿਚ ਪਾਏ ਜਾ ਰਹੇ ਹਨ। ਉਨਾਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਕਾਂਗਰਸ, ਅਕਾਲੀ ਅਤੇ ਭਾਜਪਾ ਸਰਕਾਰਾਂ ਵਲੋਂ ਚਲਾਏ ਡਰੱਗ ਮਾਫੀਏ ਦੇ ਨੈੱਟਵਰਕ ਨੂੰ ਤੋੜ ਨਹੀਂ ਸਕੀ ਜਿਸ ਕਰਕੇ ਦੋ ਲੱਖ ਨੌਜਵਾਨ ਚਿੱਟੇ ਦੀ ਭੇਟ ਚੜ ਗਿਆ। ਕਰੀਮਪੁਰੀ ਨੇ ਕਿਹਾ ਕਿ ਆਪ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਵੀ ਬੁਰੀ ਤਰਾਂ ਫੇਲ ਹੋਈ ਹੈ ਕਿਓਂਕਿ ਅਧਿਆਪਕਾਂ ਤੋਂ ਬਿਨਾਂ ਸਿੱਖਿਆ ਕ੍ਰਾਂਤੀ ਨਹੀਂ ਆ ਸਕਦੀ। ਪੰਜਾਬ ਅੰਦਰ 50 ਫੀਸਦੀ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। ਓਨਾਂ ਕਿਹਾ ਆਪ,ਕਾਂਗਰਸ, ਅਕਾਲੀ, ਭਾਜਪਾ ਮੁਫਤ ਬਿਜਲੀ,ਦੋ ਕਿਲੋ ਕਣਕ ਤਾਂ ਦੇ ਸਕਦੇ ਹਨ ਪਰ ਮੁਫਤ ਸਿੱਖਿਆ ਨਹੀਂ ਦੇ ਸਕਦੇ। ਕਰੀਮਪੁਰੀ ਨੇ ਕਿਹਾ ਬਸਪਾ ਸਰਕਾਰ ਬਣਨ ਤੇ ਮੁਫਤ ਸਿੱਖਿਆ ਲਾਜ਼ਮੀ ਕੀਤੀ ਜਾਵੇਗੀ। ਕਰੀਮਪੁਰੀ ਨੇ ਕਿਹਾ ਕਿ ਹਲਕਾ ਚੱਬੇਵਾਲ ਅੰਦਰ ਹਾਰਟਾ,ਮਾਨਾ,ਬਾੜੀਆਂ,ਠੁਆਣਾ,ਮਹਿੰਦੋਵਾਲ ਪਿੰਡਾਂ ਵਿਚ ਲੋਕਾਂ ਤੇ ਸਰਕਾਰੀ ਜਬਰ ਹੋਇਆ ਹੈ ਜਿਸਦੇ ਰੋਸ ਵਜੋਂ ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ ਸੰਭਾਲੋ ਮੁਹਿੰਮ ਤਹਿਤ 23 ਅਗਸਤ ਨੂੰ ਚੱਬੇਵਾਲ ਵਿਚ ਜਬਰ ਵਿਰੁੱਧ ਰੈਲੀ ਕੀਤੀ ਜਾਵੇਗੀ। ਇਸ ਮੌਕੇ ਸਕੱਤਰ ਪੰਜਾਬ ਮਨਿੰਦਰ ਸ਼ੇਰਪੁਰੀ, ਸੁਖਦੇਵ ਬਿੱਟਾ, ਬਾਮਸੇਫ ਜਿਲਾ ਕਨਵੀਨਰ ਜੋਗਿੰਦਰ ਪਾਲ ਫਗਲਾਣਾ, ਐਡਵੋਕੇਟ ਧਰਮਿੰਦਰ ਦਾਦਰਾ ਜਨਰਲ ਸਕੱਤਰ ਜਿਲਾ ਹੁਸ਼ਿਆਰਪੁਰ, ਜਿਲਾ ਪ੍ਰਧਾਨ ਦਲਜੀਤ ਰਾਏ, ਮਦਨ ਸਿੰਘ ਬੈਂਸ ਇੰਚਾਰਜ ਹੁਸ਼ਿਆਰਪੁਰ, ਮਾਸਟਰ ਹਰੀ ਕਿਸ਼ਨ ਕਨਵੀਨਰ ਬਾਮਸੇਫ ਚੱਬੇਵਾਲ, ਰਜੇਸ਼ ਕਿੱਟੀ, ਨਿਸ਼ਾਨ ਚੌਧਰੀ ਇੰਚਾਰਜ ਸ਼ਾਮ ਚੌਰਾਸੀ, ਸੁਰਜੀਤ ਮਹਿੰਮੀ ਪ੍ਰਧਾਨ ਹੁਸ਼ਿਆਰਪੁਰ, ਇੰਜ. ਸੱਤਪਾਲ ਭਾਰਦਵਾਜ, ਇੰਦਰਜੀਤ ਬੱਧਣ, ਹਰਬੰਸ ਸਿੰਘ ਪ੍ਰਧਾਨ ਦਸੂਹਾ, ਸੂਬੇਦਾਰ ਹਰਭਜਨ ਸਿੰਘ ਮਾਨਾ, ਜਗਮੋਹਣ ਸੱਜਣਾਂ, ਹਰਜੀਤ ਲਾਡੀ, ਲਾਲ ਚੰਦ ਬਿੱਲਾ, ਰਮੇਸ਼ ਪਟਵਾਰੀ, ਪ੍ਰੇਮ ਸਿੰਘ ਖਾਲਸਾ, ਅਵਤਾਰ ਸਿੰਘ ਬਾਜਾਖਾਨਾ, ਲਹਿੰਬਰ ਰਾਮ ਝੱਮਟ, ਧਨੀ ਰਾਮ ਅਤੇ ਸੈਂਕੜੇ ਬਸਪਾ ਵਰਕਰ ਹਾਜਰ ਸਨ।





## ਇੱਕ ਨਜ਼ਰ ...



### ਵਰਧਮਾਨ ਗਰੁੱਪ ਨੇ ਆਸ਼ਾ ਕਿਰਨ ਸਕੂਲ ਨੂੰ 6.50 ਲੱਖ ਦਾ ਚੈੱਕ ਦਿੱਤਾ

ਹੁਸ਼ਿਆਰਪੁਰ, 10 ਅਗਸਤ (ਆਵਾਜ਼ਿ ਕੌਮ ਬਿਊਰੋ)- ਵਰਧਮਾਨ ਗਰੁੱਪ ਵੱਲੋਂ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦੇ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਨੂੰ 6.50 ਲੱਖ ਦਾ ਚੈੱਕ ਭੇਟ ਕੀਤਾ ਗਿਆ। ਚੈੱਕ ਦਿੰਦੇ ਹੋਏ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸੰਜੀਵ ਨਰੂਲਾ, ਸੀਏ ਤਰੁਣ ਚਾਵਲਾ ਸੀਐਫਓ ਅਤੇ ਡਾਇਰੈਕਟਰ ਵਰਧਮਾਨ ਗਰੁੱਪ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਪ੍ਰਧਾਨ ਹਰਬੰਸ ਸਿੰਘ ਅਤੇ ਸੈਕਟਰੀ ਕਰਨਲ ਗੁਰਮੀਤ ਸਿੰਘ ਨੇ ਸੁਸਾਇਟੀ ਵੱਲੋਂ ਚੈੱਕ ਪ੍ਰਾਪਤ ਕੀਤਾ। ਇਸ ਮੌਕੇ ਸਕੱਤਰ ਕਰਨਲ ਗੁਰਮੀਤ ਸਿੰਘ ਨੇ ਕਿਹਾ ਕਿ ਪਹਿਲਾਂ ਵੀ ਵਰਧਮਾਨ ਗਰੁੱਪ ਵੱਲੋਂ ਸਕੂਲ ਨੂੰ 2 ਬੱਸਾਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਸਮੇਂ ਸੰਜੀਵ ਨਰੂਲਾ ਨੇ ਕਿਹਾ ਕਿ ਆਸ਼ਾਦੀਪ ਵੈਲਫੇਅਰ ਸੁਸਾਇਟੀ ਵਿਸ਼ੇਸ਼ ਬੱਚਿਆਂ ਦੇ ਪੁਨਰਵਾਸ ਦਾ ਸ਼ਲਾਘਾ ਯੋਗ ਕੰਮ ਕਰ ਰਹੀ ਹੈ ਅਤੇ ਨਾਲ ਹੀ ਇਨ੍ਹਾਂ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਿਆ ਜਾ ਰਿਹਾ ਹੈ। ਇਸ ਮੌਕੇ ਤਰੁਣ ਚਾਵਲਾ ਨੇ ਕਿਹਾ ਕਿ ਜਦੋਂ ਵੀ ਉਹ ਵਿਸ਼ੇਸ਼ ਬੱਚਿਆਂ ਦੇ ਇਸ ਸਕੂਲ ਆਉਦੇ ਹਨ ਤਾਂ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬੱਚਿਆਂ ਦੀ ਸੇਵਾ ਕਰਨ ਤੋਂ ਵੱਡੀ ਕੋਈ ਸੇਵਾ ਨਹੀਂ ਹੈ। ਆਖਿਰ ਵਿੱਚ ਕਰਨਲ ਗੁਰਮੀਤ ਸਿੰਘ ਅਤੇ ਪ੍ਰਧਾਨ ਹਰਬੰਸ ਸਿੰਘ ਵੱਲੋਂ ਵਰਧਮਾਨ ਗਰੁੱਪ ਦੇ ਐਮਡੀ ਸੰਜੀਵ ਨਰੂਲਾ ਅਤੇ ਸੀਏ ਤਰੁਣ ਚਾਵਲਾ ਦਾ ਧੰਨਵਾਦ ਕੀਤਾ ਗਿਆ।

### ਸਰਬਸਾਂਝੀ ਵੈਲਫੇਅਰ ਸੋਸਾਇਟੀ ਦੇ ਗਠਨ ਮੌਕੇ ਸਰਬਸੰਮਤੀ ਨਾਲ ਪਰਵੀਨ ਕੁਮਾਰੀ ਲੁੱਧੜ ਪ੍ਰਧਾਨ ਬਣੇ



ਮਜੀਠਾ, 10 ਅਗਸਤ (ਆਵਾਜ਼ਿ ਕੌਮ ਬਿਊਰੋ)- - ਸਮਾਜ ਭਲਾਈ ਦੇ ਕੰਮ ਕਰਨ ਲਈ ਪਿੰਡ ਲੁੱਧੜ ਦੀ ਸਮੁੱਚੀ ਗ੍ਰਾਮ ਪੰਚਾਇਤ ਤੇ ਪਿੰਡ ਨਿਵਾਸੀਆਂ ਵਲੋ ਸਾਝੇ ਤੌਰੇ ਤੇ ਇੱਕ ਸਰਬਸਾਂਝੀ ਵੈਲਫੇਅਰ ਸੋਸਾਇਟੀ ਨਾਮ ਦੀ ਸੁਸਾਇਟੀ ਦਾ ਗਠਨ ਕੀਤਾ ਗਿਆ, ਜਿਸ ਦੇ ਸਮਾਜ ਸੇਵੀ ਪ੍ਰਵੀਨ ਕੁਮਾਰੀ ਲੁੱਧੜ ਨੂੰ ਸਬਰਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ। ਉਪਰੰਤ ਪੱਤਰਕਾਰਾਂ ਨਾਲ ਗਲਬਾਤ ਪ੍ਰਧਾਨ ਬੀਬੀ ਲੁੱਧੜ ਨੇ ਕਿਹਾ ਕਿ ਸੋਸਾਇਟੀ ਦਾ ਮੁੱਖ ਉਦੇਸ਼ ਗਰੀਬ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਕੇ ਸਮਾਜ ਸੇਵਾ ਸੇਵਾ ਕਰਨਾ ਹੋਵੇਗਾ। ਜਿਸ ਵਿੱਚ ਖਾਸ ਕਰਕੇ ਵਾਤਾਵਰਨ ਅਤੇ ਪਾਣੀ ਦੀ ਸੰਭਾਲ ਲਈ ਆਮ ਲੋਕਾਂ ਨੂੰ ਜਾਗਰੂਕ ਕਰਨਾ, ਖੇਡ ਟੂਰਨਾਮੈਂਟਾਂ ਦਾ ਆਯੋਜਨ, ਸਰਕਾਰੀ ਸਕੂਲਾਂ ਵਿੱਚ ਗਰੀਬ ਬੱਚਿਆਂ ਨੂੰ ਮੁਫਤ ਕਿਤਾਬਾਂ, ਕਾਪੀਆਂ ਦੇਣਾ, ਸਿੱਖਿਆ ਅਤੇ ਰੁਜ਼ਗਾਰ ਸੰਬੰਧੀ ਜਾਣਕਾਰੀ ਦੇਣਾ, ਮੁਫਤ ਸਿਹਤ ਸਿਵਾਵਾਂ ਦੇਣਾ, ਖੂਨਦਾਨ ਕੈਂਪ ਲਗਾਉਣੇ, ਕੋਈ ਵੀ ਕੁਦਰਤੀ ਆਫ਼ਤ ਸਮੇਂ ਮੁਫਤ ਰਾਸ਼ਨ ਵੰਡਣ ਦੇ ਨਾਲ ਨਾਲ ਲੋਕਾਂ ਦੀ ਮੱਦਦ ਕਰਨਾ, ਨਸ਼ਾ ਛੁਡਾਊ ਕੈਂਪਾਂ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣਾ, ਗੁਰਪੁਰਬ ਤੇ ਧਾਰਮਿੱਕ ਉਰਸ ਮਨਾਉਣੇ ਅਤੇ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਕੇ ਸਾਫ-ਸੁਥਰੇ ਸਮਾਜ ਦੀ ਸਿਰਜਣਾ ਕਰਨਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸੋਸਾਇਟੀ ਵਲੰਟੀਅਰ ਲੋਕ ਸੇਵਾ ਪ੍ਰਤੀ ਪੂਰੀ ਹਮੇਸ਼ਾ ਸਮਰਪਿਤ ਹਨ ਅਤੇ ਸਮੇਂ-ਸਮੇਂ 'ਤੇ ਆਪਣੀ ਸਰਗਰਮੀ ਨਾਲ ਸਮਾਜ ਸੇਵਾ ਜਾਰੀ ਰੱਖਣ ਗੇ। ਇਸ 11 ਮੈਂਬਰੀ ਸੋਸਾਇਟੀ ਵਿੱਚ ਪ੍ਰਧਾਨ ਪਰਵੀਨ ਕੁਮਾਰੀ ਲੁੱਧੜ ਤੋਂ ਇਲਾਵਾ ਜਸਪ੍ਰੀਤ ਸਿੰਘ ਭੱਟੀ, ਡਾ. ਰਾਕੇਸ਼ ਸ਼ਰਮਾ, ਅਮੋਲਕ ਸਿੰਘ ਪੰਨੂ, ਕੰਵਲਜੀਤ ਸਿੰਘ ਭੱਟੀ, ਕੈਪਟਨ ਵਿਜੈ ਕੁਮਾਰ ਭਗਤ, ਮਨਦੀਪ ਕੌਰ, ਰਾਕੇਸ਼ ਕੁਮਾਰ ਭਗਤ, ਗੁਰਪ੍ਰੀਤ ਗੋਲਾ, ਸਿਮਰਨਜੀਤ ਸਿੰਘ ਸੋਨੂੰ, ਪੰਚ ਗਿਆਨ ਕੌਰ ਅਤੇ ਮਨਪ੍ਰੀਤ ਸਿੰਘ ਮੈਬਰ ਸ਼ਾਮਲ ਹਨ।

### ਵਾਰਡ 32 ਦੀਆਂ ਔਰਤਾਂ ਨੇ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ



ਖੰਨਾ, 10 ਅਗਸਤ (ਆਵਾਜ਼ਿ ਕੌਮ ਬਿਊਰੋ)-ਖੰਨਾ ਦੀ ਨਵੀਂ ਆਬਾਦੀ, ਵਾਰਡ ਨੰਬਰ 32 ਦੀਆਂ ਔਰਤਾਂ ਨੇ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ। ਇਹ ਪ੍ਰੋਗਰਾਮ ਰਾਧਿਕਾ ਸ਼ਰਮਾ ਅਤੇ ਤਰਨਜੀਤ ਕੌਰ ਦੁਆਰਾ ਆਯੋਜਿਤ ਕੀਤਾ ਗਿਆ ਸੀ।ਪੰਜਾਬੀ ਪਹਿਰਾਵੇ ਵਿੱਚ ਸਜੀਆਂ ਔਰਤਾਂ ਨੇ ਗੀਤ, ਸੰਗੀਤ ਅਤੇ ਨਾਚ ਰਾਹੀਂ ਤੀਆਂ ਮਨਾਈਆਂ। ਆਮ ਆਦਮੀ ਪਾਰਟੀ ਮਹਿਲਾ ਆਗੂ ਕੰਵਰਪ੍ਰੀਤ ਕੌਰ (ਕਮਲ) ਨੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮਿਸ ਮੰਜੂ ਨੇ "ਮਿਸ ਤੀਜ" ਦਾ ਖਿਤਾਬ ਜਿੱਤਿਆ ਅਤੇ "ਮਿਸਿਜ਼ ਤੀਜ" ਖਿਤਾਬ ਮੀਨੂ ਰਾਣੀ ਨੂੰ ਮਿਲਿਆ। ਦੋਵਾਂ ਨੂੰ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਨੇ ਔਰਤਾਂ ਨੂੰ ਸਮਾਜ ਦੇ ਹਰ ਖੇਤਰ ਵਿੱਚ ਆਪਣੀ ਭਾਗੀਦਾਰੀ ਵਧਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਅਜਿਹੇ ਤਿਉਹਾਰ ਔਰਤਾਂ ਨੂੰ ਇਕਜੁੱਟ ਕਰਨ ਅਤੇ ਸੱਭਿਆਚਾਰ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਮੁੱਖ ਮਹਿਮਾਨ ਨੇ ਔਰਤਾਂ ਨੂੰ ਸਮਾਜ ਦੇ ਹਰ ਖੇਤਰ ਵਿੱਚ ਆਪਣੀ ਭਾਗੀਦਾਰੀ ਵਧਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਅਜਿਹੇ ਤਿਉਹਾਰ ਔਰਤਾਂ ਨੂੰ ਇਕਜੁੱਟ ਕਰਨ ਅਤੇ ਸੱਭਿਆਚਾਰ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।